# ਠੋਕਰਾਂ ਨਾ ਖਾਓ



ਆਸ਼ਿਸ਼ ਰਾਏਚੂਰ

## ਮੁਫ਼ਤ ਵੰਡਣ ਦੇ ਲਈ

ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰੀਚ ਬੈਂਗਲੋਰ, ਭਾਰਤ ਵੱਲੋਂ ਛਾਪੀ ਅਤੇ ਵੰਡੀ ਗਈ।
ਮੌਜੂਦਾ ਸੰਸਕਰਣ: 2023



## ਸੰਪਰਕ ਕਰਨ ਦੇ ਲਈ ਜਾਣਕਾਰੀ

All Peoples Church & World Outreach,
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

Phone: +91-80-25452617
Email: **bookrequest@apcwo.org**
Website: **apcwo.org**



ਇਸ ਕਿਤਾਬ ਵਿੱਚ ਇਸਤੇਮਾਲ ਕੀਤੇ ਗਏ ਬਾਈਬਲ ਦੇ ਹਵਾਲੇ ਬਾਈਬਲ ਸੋਸਾਇਟੀ ਆਫ਼ ਇੰਡੀਆ ਦੇ ਪੁਰਾਣੇ ਸੰਸਕਰਣ ਤੋਂ ਇਜਾਜ਼ਤ ਲੈ ਕੇ ਵਰਤੇ ਗਏ ਹਨ। ਕਾਪੀਰਾਈਟ © 2006 ਸਾਰੇ ਅਧਿਕਾਰ ਰਾਖਵੇਂ ਹਨ।


## ਵਿੱਤੀ ਸਾਂਝੇਦਾਰੀ

ਇਸ ਪ੍ਰਕਾਸ਼ਨ ਨੂੰ ਮੁਫਤ ਵੰਡਣ ਦਾ ਕੰਮ ਆਲ ਪੀਪਲਜ਼ ਚਰਚ ਦੇ ਮੈਂਬਰਾਂ, ਸਾਂਝੇਦਾਰਾਂ ਅਤੇ ਦੋਸਤਾਂ ਦੇ ਵਿੱਤੀ ਸਹਿਯੋਗ ਨਾਲ ਸੰਭਵ ਹੋ ਪਾਇਆ ਹੈ। ਜੇ ਤੁਸੀਂ ਇਸ ਪ੍ਰਕਾਸ਼ਨ ਦੇ ਮੁਫ਼ਤ ਵੰਡੇ ਜਾਣ ਦੁਆਰਾ ਬਰਕਤ ਪਾਈ ਹੈ, ਤਾਂ ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਤੁਸੀਂ ਵੀ ਆਲ ਪੀਪਲਜ਼ ਚਰਚ ਦੇ ਇਸ ਪ੍ਰਕਾਸ਼ਨ ਦੀ ਮੁਫ਼ਤ ਛਪਾਈ ਅਤੇ ਇਸਦੇ ਵੰਡੇ ਜਾਣ ਵਿੱਚ ਸਹਿਯੋਗੀ ਬਣੋ। ਆਪਣਾ ਸਹਿਯੋਗ ਦੇਣ ਲਈ, ਕਿਰਪਾ ਕਰਕੇ **apcwo.org/give** ਜਾਂ ਇਸ ਕਿਤਾਬ ਦੇ ਆਖ਼ਰੀ ਪੰਨੇ ਉੱਤੇ ਦਿੱਤੇ ਗਏ ਪਤੇ "ਆਲ ਪੀਪਲਜ਼ ਚਰਚ ਨਾਲ ਸੰਪਰਕ ਕਰਕੇ ਸਹਿਭਾਗੀ ਬਣੋ।" ਤੁਹਾਡਾ ਧੰਨਵਾਦ ਹੋਵੇ!

## ਮੁਫ਼ਤ ਸਾਧਨਾਂ ਸੰਬੰਧੀ ਵੈੱਬਸਾਇਟਾਂ

**ਪ੍ਰਚਾਰ:** apcwo.org/sermons | **ਪੁਸਤਕਾਂ:** apcwo.org/books | **ਚਰਚ ਐਪ:** apcwo.org/app
**ਬਾਈਬਲ ਕਾਲਜ:** apcbiblecollege.org | **ਈ–ਲਰਨਿੰਗ:** apcbiblecollege.org /elearn
**ਕਾਊਂਸਲਿੰਗ:** chrysalislife.org | **ਸੰਗੀਤ:** apcmusic.org
**ਸੇਵਕਾਂ ਦੀ ਸੰਗਤੀ:** pamfi.org | **ਏ ਪੀ ਸੀ ਵਰਲਡ ਮਿਸ਼ਨਾਂ:** apcworldmissions.org

(Punjabi - Offenses - Don't Take Them)

# ਠੋਕਰਾਂ
# ਨਾ ਖਾਓ

# ਵਿਸ਼ਾ-ਸੂਚੀ


ਜਾਣ-ਪਛਾਣ

1. ਇੱਕ ਫੰਦਾ ਅਤੇ ਇੱਕ ਗ਼ਲਤੀ 1

2. ਠੋਕਰਾਂ ਲੱਗਣਗੀਆਂ 4

3. ਚੋਣ ਤੁਹਾਡੀ ਹੈ 17

4. ਠੋਕਰ ਨੂੰ ਦਿਲ ਵਿੱਚ ਰੱਖ ਕੇ ਕੰਮ ਨਾ ਕਰੋ 24

5. ਪ੍ਰੇਮ ਸਾਨੂੰ ਅਜ਼ਾਦ ਰੱਖਦਾ ਹੈ 30

# ਜਾਣ-ਪਛਾਣ

ਜੀਵਨ ਵਿੱਚ, ਅਸੀਂ ਸਾਰੇ ਠੋਕਰ ਖਾਣ ਦਾ ਦਰਦ ਮਹਿਸੂਸ ਕਰਦੇ ਹਾਂ। ਹਰ ਤਰ੍ਹਾਂ ਦੀਆਂ ਚੀਜ਼ਾਂ ਠੋਕਰ ਦਾ ਕਾਰਨ ਬਣ ਸਕਦੀਆਂ ਹਨ। ਕਈ ਵਾਰ, ਛੋਟੀਆਂ ਛੋਟੀਆਂ ਗੱਲਾਂ ਸਾਨੂੰ ਠੋਕਰ ਖੁਆ ਸਕਦੀਆਂ ਹਨ। ਅਸੀਂ ਦੁਖੀ ਮਹਿਸੂਸ ਕਰਦੇ ਹਾਂ। ਕਿਸੇ ਨੇ ਕੁਝ ਅਜਿਹਾ ਕਿਹਾ ਜਿਸ ਨਾਲ ਸਾਨੂੰ ਠੋਕਰ ਲੱਗੀ। ਸਾਨੂੰ ਉਹ ਮੌਕਾ, ਪਛਾਣ ਜਾਂ ਤਰੱਕੀ ਨਹੀਂ ਮਿਲੀ ਜਿਸ ਦੇ ਅਸੀਂ ਹੱਕਦਾਰ ਹਾਂ। ਅਸੀਂ ਠੋਕਰ ਖਾ ਜਾਂਦੇ ਹਾਂ। ਇੱਕ ਵਾਰ ਜਦੋਂ ਅਸੀਂ ਠੋਕਰ ਖਾ ਲੈਂਦੇ ਹਾਂ, ਇਹ ਸਾਡੇ ਅੰਦਰ ਕੰਮ ਕਰਨਾ ਸ਼ੁਰੂ ਕਰ ਦਿੰਦੀ ਹੈ ਅਤੇ ਆਖ਼ਿਰਕਾਰ ਸਾਨੂੰ ਉਸ ਤੋਂ ਵੱਧ ਤਰੀਕਿਆਂ ਨਾਲ ਪ੍ਰਭਾਵਿਤ ਕਰਦੀ ਹੈ ਜਿੰਨਾਂ ਅਸੀਂ ਕਲਪਨਾ ਕਰ ਸਕਦੇ ਹਾਂ। ਇੱਕ ਅਣਸੁਲਝੀ ਠੋਕਰ ਤੋਂ ਬਾਹਰ ਕੰਮ ਕਰਨ ਵਾਲਾ ਵਿਅਕਤੀ ਸਭ ਤੋਂ ਤਰਕਹੀਣ ਅਤੇ ਅਸੁਭਾਵਿਕ ਤਰੀਕੇ ਨਾਲ ਸੋਚ ਸਕਦਾ ਹੈ, ਕੁਝ ਕਹਿ ਸਕਦਾ ਹੈ ਅਤੇ ਵਿਹਾਰ ਕਰ ਸਕਦਾ ਹੈ। ਜਦੋਂ ਕਲੀਸਿਆਈ ਜੀਵਨ ਵਿੱਚ ਪਰਮੇਸ਼ੁਰ ਦੇ ਲੋਕਾਂ ਵਿੱਚ ਅਜਿਹਾ ਹੁੰਦਾ ਹੈ, ਤਾਂ ਅਸੀਂ ਕੁਝ ਸਭ ਤੋਂ ਦੁਖਦਾਈ ਚੀਜ਼ਾਂ—ਨਿੰਦਿਆਂ ਕਰਨਾ, ਚੁਗਲੀ ਕਰਨਾ, ਲੋਕਾਂ ਦਾ ਇੱਕ ਕਲੀਸਿਆ ਨੂੰ ਛੱਡ ਕੇ ਦੂਜੀ ਕਲੀਸਿਆ ਵਿੱਚ ਜਾਣਾ, ਕਲੀਸਿਆ ਵਿੱਚ ਫੁੱਟ, ਮਸੀਹੀ ਆਗੂਆਂ ਦਾ ਇੱਕ ਦੂਜੇ ਤੋਂ ਦੂਰ ਹੋਣਾ ਅਤੇ ਸਭ ਤੋਂ ਵੱਧ, ਇੱਕ ਦੇਹ ਨੂੰ ਕਮਜ਼ੋਰ ਹੁੰਦਿਆਂ ਵੇਖਦੇ ਹਾਂ। ਪਰ, ਜੇ ਅਸੀਂ ਸਮਝਦੇ ਹਾਂ ਕਿ ਠੋਕਰ 'ਤੇ ਕਿਵੇਂ ਕਾਬੂ ਪਾਇਆ ਜਾਵੇ, ਤਾਂ ਅਜਿਹੀਆਂ ਚੀਜ਼ਾਂ ਤੋਂ ਬਚਿਆ ਜਾ ਸਕਦਾ ਹੈ ਅਤੇ ਸਥਾਨਕ ਕਲੀਸਿਆ ਦੇ ਨਾਲਨਾਲ ਮਸੀਹ ਦੀ ਦੇਹ ਵੀ ਬਹੁਤ ਮਜ਼ਬੂਤ ਹੋ ਸਕਦੀ ਹੈ।

ਜੀਵਨ ਵਿੱਚ ਇਸ ਆਮ ਘਟਨਾ ਬਾਰੇ ਬਾਈਬਲ ਕੀ ਕਹਿੰਦੀ ਹੈ? ਜਦੋਂ ਅਸੀਂ ਠੋਕਰ ਖਾਂਦੇ ਹਾਂ ਤਾਂ ਸਾਡੀ ਪ੍ਰਤੀਕਿਰਿਆ ਕੀ ਹੋਣੀ ਚਾਹੀਦੀ ਹੈ? ਸਾਡੇ ਠੋਕਰ ਖਾਣ ਤੇ ਅਸੀਂ ਉਨ੍ਹਾਂ ਨਕਾਰਾਤਮਕ ਭਾਵਨਾਵਾਂ ਤੋਂ ਕਿਵੇਂ ਛੁਟਕਾਰਾ ਪਾ ਸਕਦੇ ਹਾਂ? ਇਸ ਸਧਾਰਨ ਛੋਟੇ ਜਿਹੇ ਅਧਿਐਨ ਵਿੱਚ, ਉਮੀਦ ਹੈ, ਅਸੀਂ ਇਨ੍ਹਾਂ ਸਵਾਲਾਂ ਦੇ ਉੱਤਰ ਪ੍ਰਾਪਤ ਕਰ ਲਵਾਂਗੇ ਅਤੇ ਪੂਰੀ ਤਰ੍ਹਾਂ ਠੋਕਰ ਤੋਂ ਮੁਕਤ ਰਹਿਣਾ ਸਿੱਖ ਲਵਾਂਗੇ।

ਹਮੇਸ਼ਾਂ ਠੋਕਰ ਦੀ ਰੇਖਾ ਤੋਂ ਉੱਪਰ ਜੀਵਨ ਜੀਓ।

ਪਰਮੇਸ਼ੁਰ ਬਰਕਤ ਦੇਵੇ!
ਆਸ਼ਿਸ਼ ਰਾਏਚੂਰ

# 1
# ਇੱਕ ਫੰਦਾ ਅਤੇ ਇੱਕ ਗ਼ਲਤੀ

ਜਦੋਂ ਅਸੀਂ ਠੋਕਰ ਖਾਂਦੇ ਹਾਂ, ਤਾਂ ਅਸੀਂ ਕਿਸੇ ਦੇ ਕਹੇ ਜਾਂ ਕੀਤੇ ਦੁਆਰਾ ਅਪਮਾਨਿਤ ਅਤੇ ਦੁਖੀ ਮਹਿਸੂਸ ਕਰਦੇ ਹਾਂ। ਠੋਕਰ ਖਾਣ 'ਤੇ ਵੱਖ-ਵੱਖ ਲੋਕਾਂ ਦੀਆਂ ਵੱਖੋ ਵੱਖਰੀਆਂ ਪ੍ਰਤੀਕਿਰਿਆਵਾਂ ਹੁੰਦੀਆਂ ਹਨ। ਕੁਝ ਗੁੱਸੇ ਵਿੱਚ ਆ ਜਾਂਦੇ ਹਨ ਅਤੇ ਬਦਲਾ ਲੈਂਦੇ ਹਨ। ਕੁਝ ਪਿੱਛੇ ਹਟ ਜਾਂਦੇ ਹਨ, ਨਾਤਾ ਤੋੜ ਦਿੰਦੇ ਹਨ ਅਤੇ ਆਪਣੇ ਆਪ ਨੂੰ ਦੂਰ ਕਰ ਲੈਂਦੇ ਹਨ। ਕੁਝ ਲੋਕ ਦੂਜੇ ਤਰੀਕਿਆਂ ਨਾਲ ਜਿਵੇਂ ਕਿ ਬਦਨਾਮ ਕਰਨ, ਅਪਮਾਨਿਤ ਕਰਨ, ਦੁਸ਼ਮਣੀ ਫੈਲਾਉਣ ਆਦਿ, ਦੁਆਰਾ ਬਦਲਾ ਲੈਂਦੇ ਹਨ। ਅਸੀਂ ਸਾਰੇ ਇਸ ਸਥਾਨ 'ਤੇ ਰਹੇ ਹਾਂ ਅਤੇ ਇਨ੍ਹਾਂ ਵਿੱਚੋਂ ਇੱਕ ਜਾਂ ਵਧੇਰੇ ਤਰੀਕਿਆਂ ਨਾਲ ਪ੍ਰਤੀਕਿਰਿਆ ਕੀਤੀ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਸਾਨੂੰ ਅਜਿਹਾ ਕਰਨ ਦਾ ਅਧਿਕਾਰ ਹੈ ਕਿਉਂਕਿ ਅਸੀਂ ਠੋਕਰ ਖਾਧੀ ਹਾਂ। ਅਸੀਂ ਸੋਚਦੇ ਹਾਂ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਵਾਪਸ ਆਉਣ ਨਾਲ ਸਾਨੂੰ ਬਿਹਤਰ ਮਹਿਸੂਸ ਹੋਵੇਗਾ ਅਤੇ ਸਾਡੇ ਦੁਆਰਾ ਮਹਿਸੂਸ ਕੀਤੇ ਗਏ ਦਰਦ ਨੂੰ ਘੱਟ ਕਰੇਗਾ।

ਪਰ, ਆਓ ਠੋਕਰ ਦੇ ਮੁੱਦੇ 'ਤੇ ਬਾਈਬਲ ਦੇ ਦ੍ਰਿਸ਼ਟੀਕੋਣ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੀਏ। ਸ਼ਾਇਦ ਅਸੀਂ ਫਿਰ ਚੀਜ਼ਾਂ ਨੂੰ ਵੱਖਰੇ ਢੰਗ ਨਾਲ ਵੇਖਾਂਗੇ।

**ਮੱਤੀ 16:23**

**ਪਰ ਉਹ ਨੇ ਮੁੜ ਕੇ ਪਤਰਸ ਨੂੰ ਆਖਿਆ, "ਹੇ ਸ਼ੈਤਾਨ ਮੈਥੋਂ ਪਿੱਛੇ ਹਟ! ਤੂੰ ਮੇਰੇ ਲਈ ਠੋਕਰ ਹੈਂ ਕਿਉਂ ਜੋ ਤੂੰ ਪਰਮੇਸ਼ੁਰ ਦੀਆਂ ਨਹੀਂ ਪਰ ਮਨੁੱਖਾਂ ਦੀਆਂ ਗੱਲਾਂ ਦਾ ਧਿਆਨ ਰੱਖਦਾ ਹੈਂ।"**

ਯੂਨਾਨੀ ਵਿੱਚ "ਠੋਕਰ" ਸ਼ਬਦ *'ਸਕੈਂਡਲਨ'* ਹੈ ਅਤੇ ਇਹ ਦੋ ਚੀਜ਼ਾਂ ਨੂੰ ਦਰਸਾਉਂਦਾ ਹੈ।

1) **ਇੱਕ ਫੰਦਾ:** ਇਹ ਇੱਕ ਫੰਦੇ ਦੀ ਸੋਟੀ (ਇੱਕ ਦਾਣੇ) ਨੂੰ ਦਰਸਾਉਂਦਾ ਹੈ, ਜੋ ਬੰਦੂਕ ਦੇ ਘੋੜੇ ਵਾਂਗ ਫੰਦੇ ਦਾ ਇੱਕ ਘੋੜਾ ਹੈ। ਤੁਸੀਂ ਫੰਦੇ ਦੀ ਸੋਟੀ ਨੂੰ ਛੂੰਹਦੇ ਹੋ (ਜਾਂ ਦਾਣਾ ਫੜਦੇ ਹੋ) ਅਤੇ ਫੰਦਾ ਤੁਹਾਡੇ ਉੱਪਰ ਆ ਡਿੱਗਦਾ ਹੈ। ਤੁਸੀਂ ਫਸ (ਫੜੇ) ਜਾਂਦੇ ਹੋ।
2) **ਇੱਕ ਗ਼ਲਤੀ:** ਇੱਕ ਠੋਕਰ। ਇਹ ਇੱਕ ਚਟਾਨ ਨੂੰ ਦਰਸਾਉਂਦਾ ਹੈ ਜੋ ਇੱਕ ਵਿਅਕਤੀ ਕੋਲੋਂ ਗ਼ਲਤੀ ਕਰਵਾਉਂਦੀ ਹੈ ਅਤੇ ਠੋਕਰ ਅਤੇ ਡਿੱਗਣ ਦਾ ਕਾਰਨ ਬਣਦੀ ਹੈ। ਇਸ ਲਈ, ਠੋਕਰ ਇੱਕ ਅਜਿਹੀ ਚੀਜ਼ ਹੈ ਜਿਸ ਦਾ ਉਦੇਸ਼ ਕਿਸੇ ਵਿਅਕਤੀ ਕੋਲੋਂ ਗ਼ਲਤੀ ਕਰਵਾਉਣਾ ਅਤੇ ਉਸ ਨੂੰ ਡਿਗਾਉਣਾ ਹੈ।

ਠੋਕਰ ਦਾ ਆਖ਼ਰੀ ਨਤੀਜਾ ਕਿਸੇ ਨੂੰ ਗ਼ਲਤੀ ਜਾਂ ਪਾਪ ਵੱਲ ਖਿੱਚਣਾ ਹੈ।

ਮੱਤੀ 16 ਦੀ ਇਸ ਘਟਨਾ ਵਿੱਚ, ਪਤਰਸ ਪ੍ਰਭੂ ਯਿਸੂ ਲਈ ਬਹੁਤ ਚਿੰਤਾ ਅਤੇ ਸੱਚੇ ਮਨੋਂ ਬੋਲ ਰਿਹਾ ਜਾਪਦਾ ਸੀ। ਪਰ, ਯਿਸੂ ਨੇ ਕੁਝ ਵੱਖਰਾ ਵੇਖਿਆ। ਉਸ ਨੇ ਵੇਖਿਆ ਕਿ ਸ਼ੈਤਾਨ ਸਰੋਤ ਸੀ ਅਤੇ ਸ਼ੈਤਾਨ ਇੱਕ ਠੋਕਰ, ਇੱਕ ਫੰਦਾ ਅਤੇ ਪਰਮੇਸ਼ੁਰ ਦੀਆਂ ਚੀਜ਼ਾਂ ਲਈ ਇੱਕ ਠੋਕਰ ਸੀ, ਜਿਸ ਦਾ ਯਿਸੂ ਪਿੱਛਾ ਕਰ ਰਿਹਾ ਸੀ।

ਇੱਕ ਠੋਕਰ ਸ਼ੈਤਾਨ ਦਾ ਫੰਦਾ (ਦਾਣਾ) ਅਤੇ ਸ਼ੈਤਾਨ ਦੀ ਗ਼ਲਤੀ ਹੈ। ਇਹ ਸਾਨੂੰ ਫਸਾਉਣ ਜਾਂ ਸਾਡੇ ਤੋਂ ਗ਼ਲਤੀ ਕਰਵਾਉਣ ਦੀ ਸ਼ੈਤਾਨ ਦੀ ਕੋਸ਼ਿਸ਼ ਹੈ ਤਾਂ ਜੋ ਅਸੀਂ ਪਰਮੇਸ਼ੁਰ ਦੇ ਉਦੇਸ਼ਾਂ ਵਿੱਚ ਅੱਗੇ ਨਾ ਵਧੀਏ।

ਅਗਲੀ ਵਾਰ ਜਦੋਂ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਨੂੰ ਠੋਕਰ ਲੱਗੀ ਹੈ, ਭਾਵੇਂ ਕਿਸੇ ਵੀ ਵੱਲੋਂ ਹੋਵੇ ਜਾਂ ਕਿਸ ਕਾਰਨ ਕਰਕੇ ਵੀ, ਇਸ ਬਾਰੇ ਸੋਚਣਾ ਬੰਦ ਕਰੋ ਕਿ ਆਤਮਿਕ ਤੌਰ ‘ਤੇ ਇਸ ਦਾ ਕੀ ਅਰਥ ਹੈ। ਇਹ ਵਿਅਕਤੀ ਬਾਰੇ ਨਹੀਂ ਹੈ। ਇਹ ਸਥਿਤੀ ਬਾਰੇ ਨਹੀਂ ਹੈ। ਸੰਤੁਲਨ ਵਿੱਚ ਲਟਕਦੀਆਂ ਚੀਜ਼ਾਂ ਹਨ ਜੋ ਤੁਹਾਨੂੰ ਠੋਕਰ ਖੁਆਉਣ ਵਾਲੇ ਵਿਅਕਤੀ ਜਾਂ ਤੁਹਾਨੂੰ ਠੋਕਰ ਖੁਆਉਣ ਵਾਲੀ ਸਥਿਤੀ ਨਾਲੋਂ ਵਧੇਰੇ ਗੰਭੀਰ ਹਨ। ਠੋਕਰ ਇੱਕ ਫੰਦਾ ਅਤੇ ਇੱਕ ਗ਼ਲਤੀ ਹੈ। ਜੇ ਤੁਸੀਂ ਇਸ ਦੇ ਝਾਂਸੇ ਵਿੱਚ ਆ ਜਾਂਦੇ ਹੋ, ਤਾਂ ਸ਼ੈਤਾਨ ਨੂੰ ਤੁਹਾਨੂੰ ਫਸਾਉਣ ਜਾਂ ਪਰਮੇਸ਼ੁਰ ਦੇ ਉਦੇਸ਼ਾਂ ਨੂੰ ਪੂਰਾ ਕਰਨ ਵਿੱਚ ਤੁਹਾਡੇ ਸਫਰ ਵਿੱਚ ਤੁਹਾਡੇ ਕੋਲੋਂ ਗ਼ਲਤੀ ਕਰਵਾਉਣ ਦਾ ਮੌਕਾ ਮਿਲੇਗਾ।

ਕੀ ਤੁਸੀਂ ਸ਼ੈਤਾਨ ਨੂੰ ਆਪਣੇ ਜੀਵਨ ਵਿੱਚ ਅਜਿਹਾ ਮੌਕਾ ਦੇਣਾ ਚਾਹੁੰਦੇ ਹੋ? ਨਿਸ਼ਚਿਤ ਤੌਰ ‘ਤੇ ਨਹੀਂ! ਠੋਕਰ ਦੇ ਕਾਰਨ ਜਾਂ ਸਰੋਤ ਦੀ ਪਰਵਾਹ ਕੀਤੇ ਬਿਨ੍ਹਾਂ, ਠੋਕਰ ਖਾਣ ‘ਤੇ ਤੁਹਾਡੀ ਇੱਕ ਪ੍ਰਤੀਕਿਰਿਆ, ਤੁਹਾਡੇ ਦਿਲ ਤੋਂ ਠੋਕਰ ਨੂੰ ਦੂਰ ਰੱਖਣਾ ਹੈ। ਠੋਕਰ ਲਈ ਤੁਹਾਡੇ ਦਿਲ ਵਿੱਚ ਕੋਈ ਥਾਂ ਨਹੀਂ ਹੋਣੀ ਚਾਹੀਦੀ।

## ਸੋਚ-ਵਿਚਾਰ

1) ਹਾਲ ਹੀ ਦੇ ਸਮੇਂ 'ਤੇ ਸੋਚ-ਵਿਚਾਰ ਕਰੋ ਜਦੋਂ ਤੁਸੀਂ ਠੋਕਰ ਖਾਧੀ ਸੀ ਜਾਂ ਤੁਹਾਨੂੰ ਠੋਕਰ ਖਾਣ ਦਾ ਮੌਕਾ ਮਿਲਿਆ ਸੀ।

- ਤੁਹਾਡੇ ਇਹ ਮਹਿਸੂਸ ਕਰਨ ਦਾ ਕਾਰਨ ਕੀ ਹੈ ਕਿ ਤੁਸੀਂ ਠੋਕਰ ਖਾਧੀ ਹੈ?
- ਤੁਸੀਂ ਕਿਵੇਂ ਮਹਿਸੂਸ ਕੀਤਾ? ਤੁਹਾਨੂੰ ਕਿਵੇਂ ਪਤਾ ਲੱਗਾ ਕਿ ਤੁਸੀਂ ਠੋਕਰ ਖਾਧੀ ਸੀ?
- ਤੁਸੀਂ ਕੀ ਕੀਤਾ ਸੀ? ਜਦੋਂ ਤੁਸੀਂ ਠੋਕਰ ਖਾਧੀ ਤਾਂ ਤੁਸੀਂ ਚੀਜ਼ਾਂ ਨੂੰ ਕਿਵੇਂ ਸੰਭਾਲਿਆ?
- ਪਿੱਛੇ ਮੁੜਕੇ ਵੇਖਦਿਆਂ, ਕੀ ਤੁਸੀਂ ਉਸ ਤਰੀਕੇ ਤੋਂ ਖੁਸ਼ ਹੋ ਜਿਸ ਤਰੀਕੇ ਨਾਲ ਤੁਸੀਂ ਚੀਜ਼ਾਂ ਨੂੰ ਸੰਭਾਲਿਆ ਸੀ ਜਦੋਂ ਤੁਸੀਂ ਠੋਕਰ ਖਾਧੀ ਸੀ? ਕੀ ਯਿਸੂ ਦੀ ਵਡਿਆਈ ਹੋਈ ਸੀ? ਕੀ ਤੁਸੀਂ ਚੀਜ਼ਾਂ ਨੂੰ ਵੱਖਰੇ ਢੰਗ ਨਾਲ ਸੰਭਾਲ ਸਕਦੇ ਸੀ?
- ਕੀ ਤੁਹਾਨੂੰ ਉਸ ਵਿਅਕਤੀ ਨਾਲ ਆਪਣੇ ਰਿਸ਼ਤੇ ਨੂੰ ਦੁਬਾਰਾ ਬਣਾਉਣ ਲਈ ਕੁਝ ਕਰਨ ਦੀ ਲੋੜ ਹੈ ਜਿਸ ਨੇ ਤੁਹਾਨੂੰ ਠੋਕਰ ਖੁਆਈ ਸੀ (ਜੇ ਕੋਈ ਹੈ)?

# 2
# ਠੋਕਰਾਂ ਲੱਗਣਗੀਆਂ

ਇਸ ਅਧਿਆਇ ਵਿੱਚ, ਅਸੀਂ ਠੋਕਰਾਂ ਦੇ ਤਿੰਨ ਵੱਖ-ਵੱਖ ਸਰੋਤਾਂ 'ਤੇ ਵਿਚਾਰ ਕਰਦੇ ਹਾਂ ਜਿਨ੍ਹਾਂ ਦਾ ਅਸੀਂ ਆਮ ਤੌਰ 'ਤੇ ਸਾਹਮਣਾ ਕਰਦੇ ਹਾਂ। ਇਹ, ਬੇਸ਼ੱਕ, ਸਿਰਫ਼ ਸਰੋਤ ਨਹੀਂ ਹਨ, ਪਰ ਸ਼ਾਇਦ ਸਭ ਤੋਂ ਆਮ ਸਰੋਤ ਹਨ।

1) ਠੋਕਰਾਂ ਜੋ ਸੰਸਾਰ ਵੱਲੋਂ ਲੱਗਦੀਆਂ ਹਨ

2) ਠੋਕਰਾਂ ਜੋ ਅਣਜਾਣੇ ਵਿੱਚ ਲੱਗਦੀਆਂ ਹਨ

3) ਠੋਕਰਾਂ ਜੋ ਇਖ਼ਤਿਆਰ ਰੱਖਣ ਵਾਲੇ ਲੋਕਾਂ ਵੱਲੋਂ ਲੱਗਦੀਆਂ ਹਨ

ਅਸੀਂ ਤਿੰਨ ਕਾਰਨਾਂ ਬਾਰੇ ਵੀ ਚਰਚਾ ਕਰਦੇ ਹਾਂ ਕਿ ਵਿਸ਼ਵਾਸੀ ਆਪਣੇ ਆਤਮਿਕ ਜੀਵਨ ਵਿੱਚ ਠੋਕਰਾਂ ਦਾ ਸਾਹਮਣਾ ਕਿਉਂ ਕਰ ਸਕਦੇ ਹਨ। ਇਹ ਵਿਸ਼ਵਾਸੀ ਲਈ ਖਾਸ ਹਨ।

1) ਪਰਮੇਸ਼ੁਰ ਤੋਂ ਠੋਕਰ ਖਾਧੇ ਹੋਏ

2) ਯਿਸੂ ਮਸੀਹ ਦੇ ਕਾਰਨ ਠੋਕਰ ਖਾਧੇ ਹੋਏ

3) ਵਚਨ ਅਤੇ ਆਤਮਾ ਦੇ ਕਾਰਨ ਠੋਕਰ ਖਾਧੇ ਹੋਏ

ਆਓ ਠੋਕਰਾਂ ਦੇ ਤਿੰਨ ਸਰੋਤਾਂ ਨੂੰ ਵੇਖੀਏ ਜੋ ਆਮ ਹਨ।

## ਠੋਕਰਾਂ ਜੋ ਸੰਸਾਰ ਵੱਲੋਂ ਲੱਗਦੀਆਂ ਹਨ

**ਮੱਤੀ 18:6,7**

**6 "ਪਰ ਜੋ ਕੋਈ ਇਨ੍ਹਾਂ ਛੋਟਿਆਂ ਵਿੱਚੋਂ ਜਿਹੜੇ ਮੇਰੇ ਉੱਤੇ ਨਿਹਚਾ ਕਰਦੇ ਹਨ ਇੱਕ ਨੂੰ ਠੋਕਰ ਖੁਆਵੇ ਉਹ ਦੇ ਲਈ ਚੰਗਾ ਸੀ ਜੋ ਖਰਾਸ ਦਾ ਪੁੜ ਉਹ ਦੇ ਗਲ ਵਿੱਚ ਬੰਨ੍ਹਿਆ ਜਾਂਦਾ ਅਤੇ ਉਹ ਸਮੁੰਦਰ ਦੇ ਡੂੰਘਾਣ ਵਿੱਚ ਡੋਬਿਆ ਜਾਂਦਾ।**
**7 ਠੋਕਰਾਂ ਦੇ ਕਾਰਨ ਜਗਤ ਉੱਤੇ ਹਾਹਾਕਾਰ ਕਿਉਂ ਜੋ ਠੋਕਰਾਂ ਦਾ ਲੱਗਣਾ ਤਾਂ ਜ਼ਰੂਰ ਹੈ ਪਰ ਹਾਇ ਉਸ ਮਨੁੱਖ ਉੱਤੇ ਜਿਸ ਕਰਕੇ ਠੋਕਰ ਲੱਗਦੀ ਹੈ!"**

ਠੋਕਰਾਂ ਲਈ ਯੂਨਾਨੀ ਸ਼ਬਦ '*ਸਕੈਂਡਲ,*' ਇੱਕ ਸ਼ਬਦ ਜਿਸ ਦਾ ਅਸੀਂ ਪਿਛਲੇ ਅਧਿਆਇ ਵਿੱਚ ਅਧਿਐਨ ਕੀਤਾ ਹੈ। ਠੋਕਰਾਂ, ਜਿਵੇਂ ਕਿ ਮੱਤੀ 18 ਵਿੱਚ ਇਨ੍ਹਾਂ

ਆਇਤਾਂ ਦੇ ਵਿਸ਼ੇ ਵਿੱਚ ਹੈ, ਦਾ ਉਦੇਸ਼ ਉਸ ਦੇ "ਛੋਟਿਆਂ" (ਮਾਸੂਮਾਂ, ਨਿਮਰ ਲੋਕਾਂ) ਵਿੱਚੋਂ ਇੱਕ, ਅਰਥਾਤ ਵਿਸ਼ਵਾਸੀਆਂ ਕੋਲੋਂ ਪਾਪ ਕਰਵਾਉਣਾ ਹੈ।

ਆਇਤ 7 ਵਿੱਚ ਤਿੰਨ ਗੱਲਾਂ ਦੱਸੀਆਂ ਗਈਆਂ ਹਨ।

1) ਸੰਸਾਰ ਠੋਕਰਾਂ ਨਾਲ ਭਰਿਆ ਹੋਇਆ ਹੈ।

2) ਠੋਕਰਾਂ ਲੱਗਣਗੀਆਂ।

3) ਠੋਕਰਾਂ ਜੋ ਲੋਕਾਂ ਰਾਹੀਂ ਲੱਗਦੀਆਂ ਹਨ।

ਸੰਸਾਰ ਠੋਕਰਾਂ ਨਾਲ ਭਰਿਆ ਹੋਇਆ ਹੈ। ਇਸ ਲਈ, ਯਿਸੂ ਨੇ ਕਿਹਾ, *"ਹਾਇ ਸੰਸਾਰ ਉੱਤੇ ਜਿਸ ਕਰਕੇ ਠੋਕਰ ਲੱਗਦੀ ਹੈ!"* ਲੋਕ ਯਿਸੂ ਵਿੱਚ ਵਿਸ਼ਵਾਸ ਕਰਦੇ ਹਨ ਉਨ੍ਹਾਂ ਦੇ ਲਈ ਸੰਸਾਰ ਫੰਦਿਆਂ ਅਤੇ ਗ਼ਲਤੀਆਂ ਨਾਲ ਭਰਿਆ ਹੋਇਆ ਹੈ, ਜੋ ਉਨ੍ਹਾਂ ਤੋਂ ਪਾਪ ਕਰਵਾਉਣ ਲਈ, ਗ਼ਲਤੀ ਵਿੱਚ ਜਾਣ ਅਤੇ ਉਨ੍ਹਾਂ ਨੂੰ ਵਿਸ਼ਵਾਸ ਤੋਂ ਦੂਰ ਕਰਨ ਦੀ ਉਡੀਕ ਕਰਦੀਆਂ ਹਨ। ਅਸਲ ਵਿੱਚ, ਜਿਉਂ ਜਿਉਂ ਸਮਾਂ ਅੰਤ ਵੱਲ ਵੱਧਦਾ ਜਾਂਦਾ ਹੈ, ਪ੍ਰਭੂ ਯਿਸੂ ਨੇ ਮੱਤੀ 24:10 ਵਿੱਚ ਚੇਤਾਵਨੀ ਦਿੱਤੀ ਸੀ, *"ਅਤੇ ਉਸ ਸਮੇਂ ਬਥੇਰੇ ਠੋਕਰ ਖਾਣਗੇ ਅਤੇ ਇੱਕ ਦੂਏ ਨੂੰ ਫੜਵਾਏਗਾ ਅਤੇ ਇੱਕ ਦੂਏ ਨਾਲ ਵੈਰ ਰੱਖੇਗਾ।"* ਸੰਸਾਰ ਇਹੋ ਜਿਹਾ ਹੀ ਬਣਨ ਵਾਲਾ ਹੈ।

ਠੋਕਰਾਂ ਲੱਗਣਗੀਆਂ। ਵਿਸ਼ਵਾਸੀ ਹੋਣ ਦੇ ਨਾਤੇ, ਅਸੀਂ ਠੋਕਰਾਂ ਤੋਂ ਸੁਰੱਖਿਅਤ ਜਾਂ ਅਛੂਤੇ ਨਹੀਂ ਹਾਂ। ਸੰਸਾਰ ਠੋਕਰਾਂ ਨਾਲ ਭਰਿਆ ਹੋਇਆ ਹੈ ਅਤੇ ਅਸੀਂ ਇਸ ਸੰਸਾਰ ਵਿੱਚ ਰਹਿ ਰਹੇ ਹਾਂ। ਸੰਸਾਰ ਤੁਹਾਡੇ ਵਿਰੁੱਧ ਆਪਣੀਆਂ ਠੋਕਰਾਂ—ਫੰਦੇ ਅਤੇ ਗ਼ਲਤੀਆਂ—ਸੁੱਟੇਗਾ ਅਤੇ ਅਫ਼ਸੋਸ ਦੀ ਗੱਲ ਇਹ ਹੈ ਕਿ, ਕਈ ਵਾਰ, ਠੋਕਰਾਂ ਦੂਜੇ ਵਿਸ਼ਵਾਸੀਆਂ ਦੁਆਰਾ ਵੀ ਲੱਗ ਸਕਦੀਆਂ ਹਨ। ਬਸ ਇਸ ਲਈ ਤਿਆਰ ਰਹੋ।

ਠੋਕਰਾਂ ਲੋਕਾਂ ਰਾਹੀਂ ਲੱਗਦੀਆਂ ਹਨ। ਜਦੋਂ ਯਿਸੂ ਨੇ ਕਿਹਾ, *"ਉਹ ਮਨੁੱਖ ਜਿਸ ਕਰਕੇ ਠੋਕਰ ਲੱਗਦੀ ਹੈ,"* ਉਹ ਸਾਨੂੰ ਦੱਸ ਰਿਹਾ ਸੀ ਕਿ ਲੋਕ ਹੀ ਇਹ ਠੋਕਰਾਂ ਖੁਆਉਂਦੇ ਹਨ। ਠੋਕਰਾਂ ਇਸ ਲਈ ਆਉਂਦੀਆਂ ਹਨ ਕਿਉਂਕਿ ਲੋਕ ਤੁਹਾਡੇ ਆਲੇ ਦੁਆਲੇ ਅਜਿਹੀਆਂ ਗੱਲਾਂ ਕਹਿ ਸਕਦੇ ਹਨ ਅਤੇ ਅਜਿਹੇ ਕੰਮ ਕਰਦੇ ਹਨ, ਜੋ ਤੁਹਾਨੂੰ ਠੋਕਰ ਖੁਆ ਸਕਦੇ ਹਨ।

ਯਿਸੂ ਨੇ ਪਹਿਲਾਂ ਹੀ ਦੱਸਿਆ ਹੈ ਕਿ ਉਸ ਵਿਅਕਤੀ ਨਾਲ ਕੀ ਹੁੰਦਾ ਹੈ ਜਿਸ ਕਰਕੇ ਠੋਕਰ ਲੱਗਦੀ ਹੈ। ਉਸ ਵਿਅਕਤੀ ਉੱਤੇ ਹਾਇ, ਮੁਸੀਬਤ, ਤਬਾਹੀ। ਜੇ ਕੋਈ ਤੁਹਾਡੇ ਲਈ ਪ੍ਰਭੂ ਦੇ ਵਿਰੁੱਧ ਪਾਪ ਕਰਨ ਲਈ ਇੱਕ ਫੰਦਾ ਵਿਛਾਉਂਦਾ ਹੈ ਅਤੇ ਗ਼ਲਤੀ ਕਰਨ ਲਈ ਮਜ਼ਬੂਰ ਕਰ ਰਿਹਾ ਹੈ, ਤਾਂ ਤੁਸੀਂ ਬਸ ਇੱਕ ਪਾਸੇ ਹੋ ਜਾਓ ਅਤੇ ਪਰਮੇਸ਼ੁਰ

ਨੂੰ ਇਸ ਨੂੰ ਸੰਭਾਲਣ ਦਿਓ। ਉਨ੍ਹਾਂ ਦੇ ਵਿਰੁੱਧ ਤੁਹਾਨੂੰ ਕੁਝ ਕਰਨ ਦੀ ਲੋੜ ਨਹੀਂ ਹੈ।

## ਠੋਕਰਾਂ ਜੋ ਅਣਜਾਣੇ ਵਿੱਚ ਲੱਗਦੀਆਂ ਹਨ

**ਉਪਦੇਸ਼ਕ ਦੀ ਪੋਥੀ 7:21,22**

**21 ਸਾਰੀਆਂ ਗੱਲਾਂ 'ਤੇ ਜੋ ਆਖੀਆਂ ਜਾਣ ਚਿੱਤ ਨਾ ਲਾ, ਮਤੇ ਤੂੰ ਆਪਣੇ ਟਹਿਲੀਏ ਨੂੰ ਤੈਨੂੰ ਫਿਟਕਾਰਦਿਆਂ ਸੁਣੇ।**
**22 ਕਿਉਂ ਜੋ ਤੂੰ ਆਪਣੇ ਮਨ ਵਿੱਚ ਜਾਣਦਾ ਹੈਂ, ਜੋ ਮੈਂ ਕਈ ਵਾਰੀ ਇਸੇ ਤਰਾਂ ਹੋਰਨਾਂ ਨੂੰ ਫਿਟਕਾਰਿਆ ਹੈ।**

ਕਈ ਵਾਰ, ਅਸੀਂ ਉਨ੍ਹਾਂ ਲੋਕਾਂ ਰਾਹੀਂ ਠੋਕਰ ਖਾਂਦੇ ਹੁੰਦੇ ਹਾਂ ਜਿਨ੍ਹਾਂ ਦਾ ਮਕਸੱਦ ਸਾਨੂੰ ਠੋਕਰ ਖੁਆਉਣਾ ਨਹੀਂ ਹੁੰਦਾ। ਉਹ ਮਜ਼ਾਕ ਵਿੱਚ, ਜਾਂ ਅਣਜਾਣੇ ਵਿੱਚ ਕੁਝ ਕਹਿ ਸਕਦੇ ਹਨ ਜਾਂ ਕਰ ਸਕਦੇ ਹਨ ਅਤੇ ਫਿਰ ਵੀ, ਅਸੀਂ ਉਨ੍ਹਾਂ ਦੇ ਕਹੇ ਜਾਂ ਕੀਤੇ ਤੋਂ ਠੋਕਰ ਖਾ ਜਾਂਦੇ ਹਾਂ। ਸਾਨੂੰ ਅਜਿਹੀਆਂ ਗੱਲਾਂ ਨੂੰ ਦਿਲ 'ਤੇ ਨਾ ਲਾਉਣਾ ਸਿੱਖਣਾ ਚਾਹੀਦਾ ਹੈ। ਦੂਜੇ ਸ਼ਬਦਾਂ ਵਿੱਚ, ਇਨ੍ਹਾਂ ਚੀਜ਼ਾਂ ਨੂੰ ਸਹਿਜੇ ਨਾਲ ਸੰਭਾਲੋ। ਇਸ ਨੂੰ ਜਾਣ ਦਿਓ। ਇਸ ਨੂੰ ਕੋਈ ਵੱਡਾ ਮੁੱਦਾ ਨਾ ਬਣਾਓ। ਦੂਜਿਆਂ ਨੂੰ ਉਹ ਕਿਰਪਾ ਦਿਓ ਜੋ ਤੁਸੀਂ ਚਾਹੁੰਦੇ ਹੋ ਕਿ ਲੋਕ ਤੁਹਾਨੂੰ ਦੇਣ। ਸਾਡੇ ਵਿੱਚੋਂ ਹਰੇਕ ਨੇ, ਕਦੇ ਕਦੇ, ਬਿਨ੍ਹਾਂ ਸੋਚੇ ਸਮਝੇ ਗੱਲਾਂ ਕਹੀਆਂ ਅਤੇ ਕੀਤੀਆਂ ਹਨ ਅਤੇ ਬਾਅਦ ਵਿੱਚ ਮਹਿਸੂਸ ਕੀਤਾ ਕਿ ਕਿਸੇ ਨੂੰ ਠੋਕਰ ਲੱਗੀ ਹੈ, ਭਾਵੇਂ ਕਿ ਸਾਡਾ ਇਰਾਦਾ ਕਿਸੇ ਨੂੰ ਠੋਕਰ ਖੁਆਉਣ ਦਾ ਨਹੀਂ ਸੀ।

## ਠੋਕਰਾਂ ਜੋ ਇਖ਼ਤਿਆਰ ਰੱਖਣ ਵਾਲੇ ਲੋਕਾਂ ਵੱਲੋਂ ਲੱਗਦੀਆਂ ਹਨ

**1 ਪਤਰਸ 2:18–21**

**18 ਹੇ ਨੌਕਰੋ, ਪੂਰੇ ਅਦਬ ਨਾਲ ਆਪਣੇ ਮਾਲਕਾਂ ਦੇ ਅਧੀਨ ਰਹੋ ਨਿਰੇ ਭਲਿਆਂ ਅਤੇ ਅਸੀਲਾਂ ਦੇ ਹੀ ਨਹੀਂ ਸਗੋਂ ਕਰੜੇ ਸੁਭਾਉ ਵਾਲਿਆਂ ਦੇ ਵੀ।**

**19 ਕਿਉਂਕਿ ਜੇ ਕੋਈ ਪਰਮੇਸ਼ੁਰ ਦੇ ਖ਼ਿਆਲ ਨਾਲ ਬੇਇਨਸਾਫ਼ੀ ਝੱਲ ਕੇ ਦੁੱਖ ਸਹਿ ਲਵੇ ਤਾਂ ਇਹ ਪਰਵਾਨ ਹੈ।**

**20 ਜੇ ਤੁਸੀਂ ਪਾਪ ਦੇ ਕਾਰਨ ਮੁੱਕੇ ਖਾ ਕੇ ਧੀਰਜ ਕਰੋ ਤਾਂ ਕੀ ਵਡਿਆਈ ਹੈ? ਪਰ ਜੇ ਤੁਸੀਂ ਸ਼ੁੱਭ ਕਰਮਾਂ ਦੇ ਕਾਰਨ ਦੁੱਖ ਝੱਲ ਕੇ ਧੀਰਜ ਕਰੋ ਤਾਂ ਇਹ ਪਰਮੇਸ਼ੁਰ ਨੂੰ ਪਰਵਾਨ ਹੈ।**

**21 ਕਿਉਂ ਜੋ ਤੁਸੀਂ ਇਸੇ ਕਾਰਨ ਸੱਦੇ ਗਏ, ਇਸ ਲਈ ਜੋ ਮਸੀਹ ਵੀ ਤੁਹਾਡੇ ਨਮਿੱਤ ਤੁਹਾਡੇ ਦੁੱਖ ਝੱਲ ਕੇ ਇੱਕ ਨਮੂਨਾ ਤੁਹਾਡੇ ਲਈ ਛੱਡ ਗਿਆ ਭਈ ਤੁਸੀਂ ਉਹ ਦੀ ਪੈੜ ਉੱਤੇ ਤੁਰੋ:**

1 ਪਤਰਸ 2 ਵਿੱਚ, ਆਇਤ 13 ਤੋਂ ਅੱਗੇ, ਪਤਰਸ ਵਿਸ਼ਵਾਸੀਆਂ ਨੂੰ ਇਖ਼ਤਿਆਰ ਵਾਲਿਆਂ ਦੇ ਅਧੀਨ ਹੋਣ ਬਾਰੇ ਨਿਰਦੇਸ਼ ਦੇ ਰਿਹਾ ਹੈ। ਜਦ ਕਿ ਅੱਜ, ਸੰਦਰਭ ਨਵੇਂ ਨੇਮ ਦੇ ਸਮੇਂ ਵਾਂਗ ਨਹੀਂ ਹੈ, ਸੱਚਾਈ ਉਹੀ ਰਹਿੰਦੀ ਹੈ। ਕਰਮਚਾਰੀ ਹੋਣ ਦੇ ਨਾਤੇ, ਅਸੀਂ ਕੰਮ ਵਾਲੀ ਥਾਂ 'ਤੇ ਸਾਡੇ ਉੱਤੇ ਇਖ਼ਤਿਆਰ ਰੱਖਣ ਵਾਲਿਆਂ

ਦੇ ਅਧੀਨ ਰਹਿੰਦੇ ਹਾਂ। ਨਾਗਰਿਕ ਹੋਣ ਦੇ ਨਾਤੇ, ਅਸੀਂ ਸਮਾਜਿਕ ਅਧਿਕਾਰੀਆਂ ਦੇ ਅਧੀਨ ਰਹਿੰਦੇ ਹਾਂ। ਪਰਿਵਾਰ ਦੇ ਮੈਂਬਰ ਹੋਣ ਦੇ ਨਾਤੇ, ਅਸੀਂ ਘਰ ਵਿੱਚ ਸਾਡੇ ਉੱਤੇ ਇਖ਼ਤਿਆਰ ਰੱਖਣ ਵਾਲਿਆਂ ਦੇ ਅਧੀਨ ਹੁੰਦੇ ਹਾਂ।

ਸਾਨੂੰ ਕੀ ਕਰਨਾ ਚਾਹੀਦਾ ਹੈ ਜੇ ਸਾਡੇ ਉੱਤੇ ਇਖ਼ਤਿਆਰ ਰੱਖਣ ਵਾਲੇ ਕਠੋਰ ਹਨ, ਸਾਡੇ ਨਾਲ ਬੁਰਾ ਸਲੂਕ ਕਰਦੇ ਹਨ ਅਤੇ ਭਾਵੇਂ ਅਸੀਂ ਚੰਗੇ ਕੰਮ ਕਰਦੇ ਹਾਂ ਫਿਰ ਵੀ ਸਾਨੂੰ ਦੁੱਖ ਦਿੰਦੇ ਹਨ? ਅੱਜ ਦੇ ਸੰਦਰਭ ਵਿੱਚ, ਇਹ ਉਹ ਅਧਿਕਾਰੀ ਹੋ ਸਕਦੇ ਹਨ ਜੋ ਅਣਉਚਿਤ ਹਨ, ਉਹ ਅਧਿਕਾਰੀ ਜੋ ਪੱਖਪਾਤੀ ਹਨ, ਜੋ ਸਾਡੀ ਕਾਰਗੁਜ਼ਾਰੀ ਨੂੰ ਨਜ਼ਰ ਅੰਦਾਜ਼ ਕਰਦੇ ਹਨ, ਜੋ ਜਾਣ ਬੁੱਝ ਕੇ ਤਨਖਾਹ ਵਿੱਚ ਵਾਧੇ ਨੂੰ ਰੋਕਦੇ ਹਨ, ਆਦਿ। ਸਾਨੂੰ ਕੀ ਕਰਨਾ ਚਾਹੀਦਾ ਹੈ? ਪਤਰਸ ਨੇ ਇਸ ਦਾ ਜਵਾਬ ਇਹ ਕਹਿੰਦੇ ਹੋਏ ਦਿੱਤਾ ਹੈ:

- ਅਧੀਨ ਰਹੋ
- ਦੁੱਖ ਸਹਿ ਲਵੋ
- ਧੀਰਜ ਕਰੋ

ਸਿਰਫ਼ ਪਰਮੇਸ਼ੁਰ ਹੀ ਸਾਨੂੰ ਅਜਿਹਾ ਕਰਨ ਦੀ ਕਿਰਪਾ ਦੇ ਸਕਦਾ ਹੈ। ਪਵਿੱਤਰ ਆਤਮਾ ਦੀ ਸ਼ਕਤੀ ਨਾਲ, ਅਸੀਂ ਇਹ ਕਰਨ ਵਿੱਚ ਸਮਰੱਥ ਹਾਂ ਜਿਵੇਂ ਕਿ ਮਸੀਹ ਨੇ ਕੀਤਾ ਸੀ। ਅਸੀਂ ਚੀਜ਼ਾਂ ਨੂੰ ਉਨ੍ਹਾਂ ਦੇ ਨਜ਼ਰੀਏ ਤੋਂ ਵੇਖਣ ਦੀ ਕੋਸ਼ਿਸ਼ ਕਰਦੇ ਹਾਂ। ਅਸੀਂ ਵੱਡੀ ਤਸਵੀਰ ਨੂੰ ਵੇਖਣ ਦੀ ਕੋਸ਼ਿਸ਼ ਕਰਦੇ ਹਾਂ ਕਿ ਜਿਸ ਨੂੰ ਉਹ ਆਗੂਪੁਣੇ ਵਿੱਚ ਲੋਕਾਂ ਦੇ ਰੂਪ ਵਿੱਚ ਵੇਖ ਰਹੇ ਹਨ, ਜੋ ਅਸੀਂ ਅਕਸਰ ਭੁੱਲ ਜਾਂਦੇ ਹਾਂ। ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਕਿ ਆਗੂ ਕਿਸ ਦਬਾਅ ਹੇਠ ਹਨ।

ਜੇਕਰ ਬਾਰ-ਬਾਰ ਬੇਇਨਸਾਫ਼ੀ ਹੁੰਦੀ ਹੈ ਅਤੇ ਸਾਡੀ ਭਲਾਈ ਲਈ ਖ਼ਤਰਾ ਹੁੰਦਾ ਹੈ, ਤਾਂ ਸਾਨੂੰ ਆਪਣੇ ਆਪ ਸੁਰੱਖਿਆ ਵਾਲੀ ਥਾਂ 'ਤੇ ਜਾਣਾ ਚਾਹੀਦਾ ਹੈ। ਸਾਡਾ ਆਧੁਨਿਕ ਸੰਦਰਭ ਸਾਨੂੰ ਨਵੇਂ ਨੇਮ ਦੇ ਸਮੇਂ ਦੇ ਉਲਟ, ਆਪਣੇ ਆਪ ਨੂੰ ਸੁਰੱਖਿਆ ਵਾਲੀ ਥਾਂ ਤੋਂ ਹਟਾਉਣ, ਨੌਕਰੀਆਂ ਬਦਲਣ ਆਦਿ ਦਾ ਮੌਕਾ ਦਿੰਦਾ ਹੈ, ਜਿੱਥੇ ਨੌਕਰਾਂ ਨੂੰ ਅਜਿਹਾ ਕਰਨ ਦਾ ਮੌਕਾ ਨਹੀਂ ਸੀ। ਇਸ ਤੋਂ ਇਲਾਵਾ, ਜ਼ਿਆਦਾਤਰ ਮਹੌਲਾਂ ਵਿੱਚ, ਅਸੀਂ ਆਪਣੇ ਦ੍ਰਿਸ਼ਟੀਕੋਣ ਨੂੰ ਵਿਅਕਤ ਕਰ ਸਕਦੇ ਹਾਂ ਅਤੇ ਉਨ੍ਹਾਂ ਖੇਤਰਾਂ ਬਾਰੇ ਆਗੂ ਨਾਲ ਚਰਚਾ ਕਰ ਸਕਦੇ ਹਾਂ ਜਿਨ੍ਹਾਂ ਦੀ ਅਸੀਂ ਉਲੰਘਣਾ ਮਹਿਸੂਸ ਕਰਦੇ ਹਾਂ ਅਤੇ ਕਾਨੂੰਨੀ ਅਤੇ ਨੈਤਿਕ ਤੌਰ 'ਤੇ ਸਵੀਕਾਰਯੋਗ ਤਰੀਕਿਆਂ ਨਾਲ ਮੁੱਦਿਆਂ ਨੂੰ ਉਠਾਉਂਦੇ ਹਾਂ।

ਇਸ ਸਭ ਵਿੱਚ ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਅਸੀਂ ਆਪਣੇ ਦਿਲਾਂ ਨੂੰ ਇਖ਼ਤਿਆਰ ਰੱਖਣ ਵਾਲਿਆਂ ਪ੍ਰਤੀ ਠੋਕਰ ਤੋਂ ਮੁਕਤ ਰੱਖੀਏ। ਠੋਕਰਾਂ ਲੱਗਣਗੀਆਂ। ਅਸੀਂ ਇਖ਼ਤਿਆਰ ਰੱਖਣ ਵਾਲੇ ਲੋਕਾਂ ਰਾਹੀਂ ਠੋਕਰ ਖਾਵਾਂਗੇ। ਪਰ ਨਵਾਂ ਨੇਮ ਸਾਨੂੰ ਉਨ੍ਹਾਂ ਪ੍ਰਤੀ ਦਿਲ ਵਿੱਚ ਇਹ ਠੋਕਰ ਰੱਖਣ ਦੀ ਇਜਾਜ਼ਤ ਨਹੀਂ ਦਿੰਦਾ ਹੈ।

ਕੀ ਹੋਵੇਗਾ ਜੇ ਤੁਸੀਂ ਇੱਕ ਆਤਮਿਕ ਆਗੂ, ਉਦਾਹਰਣ ਲਈ, ਤੁਹਾਡੀ ਸਥਾਨਕ ਕਲੀਸਿਆ ਦੇ ਪਾਸਟਰ ਦੁਆਰਾ ਠੋਕਰ ਖਾਂਦੇ ਹੋ? ਸ਼ਾਇਦ, ਉਨ੍ਹਾਂ ਨੇ ਅਜਿਹਾ ਫ਼ੈਸਲਾ ਕੀਤਾ ਜੋ ਤੁਸੀਂ ਨਹੀਂ ਸਮਝਿਆ। ਸ਼ਾਇਦ, ਉਨ੍ਹਾਂ ਨੇ ਕਿਸੇ ਦੂਸਰੇ ਵਿਅਕਤੀ ਨੂੰ ਸੇਵਕਾਈ ਦੇ ਖੇਤਰ ਦੀ ਅਗਵਾਈ ਕਰਨ ਲਈ ਚੁਣਿਆ ਜਦੋਂ ਤੁਸੀਂ ਉਸ ਯੋਗਤਾ ਵਿੱਚ ਸੇਵਾ ਕਰਨ ਲਈ ਉਤਸੁਕਤਾ ਨਾਲ ਉਡੀਕ ਕਰ ਰਹੇ ਸੀ। ਹੋ ਸਕਦਾ ਹੈ ਕਿ ਉਨ੍ਹਾਂ ਨੇ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਕਈ ਸਾਲਾਂ ਦੀ ਵਫ਼ਾਦਾਰ ਸੇਵਾ ਨੂੰ ਨਜ਼ਰਅੰਦਾਜ਼ ਕੀਤਾ ਹੋਵੇ ਅਤੇ ਕਿਸੇ ਅਜਿਹੇ ਵਿਅਕਤੀ ਦਾ ਜਸ਼ਨ ਮਨਾਇਆ ਹੋਵੇ ਜਿਸ ਨੇ ਤੁਹਾਡੇ ਦੁਆਰਾ ਕੀਤੀ ਗਈ ਸੇਵਾ ਦੇ ਨੇੜੇ ਤੇੜੇ ਵੀ ਸੇਵਾ ਨਾ ਕੀਤੀ ਹੋਵੇ। ਕਲੀਸਿਆਈ ਜੀਵਨ ਵਿੱਚ ਬਹੁਤ ਸਾਰੇ ਵੱਖ-ਵੱਖ ਦ੍ਰਿਸ਼ ਹੋ ਸਕਦੇ ਹਨ ਜੋ ਕਿਸੇ ਨੂੰ ਠੋਕਰ ਖੁਆ ਸਕਦੇ ਹਨ। ਤੁਹਾਨੂੰ ਕੀ ਕਰਨਾ ਚਾਹੀਦਾ ਹੈ? ਖ਼ੈਰ, ਉਹੀ ਗੱਲ ਜੋ ਪਤਰਸ ਨੇ ਆਗੂਆਂ ਬਾਰੇ ਲਿਖੀ ਹੈ। ਲਾਗੂ ਹੋਵੇਗੀ। ਅਧੀਨ ਰਹੋ। ਦੁੱਖ ਸਹਿ ਲਵੋ। ਧੀਰਜ ਕਰੋ। ਜਿੱਥੇ ਸੰਭਵ ਹੋਵੇ, ਆਪਣੀ ਚਿੰਤਾ ਜਾਂ ਦ੍ਰਿਸ਼ਟੀਕੋਣ ਨੂੰ ਸਵੀਕਾਰਯੋਗ ਅਤੇ ਸਨਮਾਨਯੋਗ ਤਰੀਕਿਆਂ ਨਾਲ ਪ੍ਰਗਟ ਕਰੋ ਜਾਂ ਜੇਕਰ ਤੁਹਾਡੀ ਭਲਾਈ ਲਈ ਦੁਰ ਵਿਹਾਰ, ਖ਼ਤਰਾ ਅਤੇ ਨੁਕਸਾਨ ਹੈ, ਤਾਂ ਸੁਰੱਖਿਆ ਵਾਲੀ ਥਾਂ 'ਤੇ ਚਲੇ ਜਾਓ। ਤੁਸੀਂ ਜੋ ਵੀ ਕਰਦੇ ਹੋ, ਕਿਸੇ ਵੀ ਵਿਅਕਤੀ ਦੇ ਵਿਰੁੱਧ ਆਪਣੇ ਦਿਲ ਵਿੱਚ ਕੋਈ ਠੋਕਰ ਨਾ ਰੱਖੋ।

ਹੁਣ, ਆਓ ਤਿੰਨ ਕਾਰਨਾਂ ਬਾਰੇ ਚਰਚਾ ਕਰੀਏ ਕਿ ਵਿਸ਼ਵਾਸੀ ਆਪਣੇ ਆਤਮਿਕ ਜੀਵਨ ਵਿੱਚ ਠੋਕਰਾਂ ਦਾ ਸਾਹਮਣਾ ਕਿਉਂ ਕਰ ਸਕਦੇ ਹਨ।

## ਪਰਮੇਸ਼ੁਰ ਤੋਂ ਠੋਕਰ ਖਾਧੇ ਹੋਏ

**ਉਤਪਤ 4:3-7**

**3 ਕੁਝ ਦਿਨਾਂ ਦੇ ਮਗਰੋਂ ਐਉਂ ਹੋਇਆ ਕਿ ਕਾਇਨ ਜ਼ਮੀਨ ਦੇ ਫਲ ਤੋਂ ਯਹੋਵਾਹ ਦੀ ਭੇਂਟ ਲਈ ਕੁਝ ਲੈ ਆਇਆ।**

**4 ਹਾਬਲ ਵੀ ਇੱਜੜ ਦੇ ਪਲੌਠਿਆਂ ਅਰ ਉਨ੍ਹਾਂ ਦੀ ਚਰਬੀ ਤੋਂ ਕੁਝ ਲੈ ਆਇਆ ਅਤੇ ਯਹੋਵਾਹ ਨੇ ਹਾਬਲ ਨੂੰ ਅਰ ਉਹ ਦੀ ਭੇਂਟ ਨੂੰ ਪਸੰਦ ਕੀਤਾ।**

**5 ਪਰ ਕਾਇਨ ਅਰ ਉਹ ਦੀ ਭੇਟ ਨੂੰ ਪਸੰਦ ਨਾ ਕੀਤਾ ਸੋ ਕਾਇਨ ਬਹੁਤ ਕਰੋਧਵਾਨ ਹੋਇਆ ਅਰ ਉਹ ਦਾ ਮੂੰਹ ਉੱਤਰ ਗਿਆ।**

**6 ਤਾਂ ਯਹੋਵਾਹ ਨੇ ਕਾਇਨ ਨੂੰ ਆਖਿਆ, "ਤੂੰ ਕਿਉਂ ਕਰੋਧਵਾਨ ਹੈਂ ਅਤੇ ਤੇਰਾ ਮੂੰਹ ਨੀਵਾਂ ਕਿਉਂ ਹੋ ਗਿਆ?**

**7 ਜੇ ਤੂੰ ਭਲਾ ਕਰੇਂ ਕੀ ਉਹ ਉਤਾਹਾਂ ਨਾ ਕੀਤਾ ਜਾਵੇ? ਜੇ ਤੂੰ ਭਲਾ ਨਾ ਕਰੇ ਤਾਂ ਪਾਪ ਬੂਹੇ ਉੱਤੇ ਛੈਹ ਵਿੱਚ ਬੈਠਾ ਹੈ ਅਤੇ ਉਹ ਤੈਨੂੰ ਲੋਚਦਾ ਹੈ ਪਰ ਤੂੰ ਉਹ ਦੇ ਉੱਤੇ ਪਰਬਲ ਹੋ।"**

ਕਾਇਨ ਕਰੋਧਵਾਨ ਸੀ ਅਤੇ ਉਸ ਦਾ ਚਿਹਰਾ ਉੱਤਰਿਆ ਹੋਇਆ ਜਾਂ ਉਦਾਸ ਸੀ। ਉਹ ਝੂਰ ਰਿਹਾ ਸੀ। ਉਸ ਦੇ ਚਿਹਰੇ ‘ਤੇ ਉਦਾਸੀ ਸੀ। ਉਸ ਨੇ ਪਰਮੇਸ਼ੁਰ ਤੋਂ ਠੋਕਰ ਖਾਧੀ ਸੀ। ਕਾਇਨ ਦੀਆਂ ਨਜ਼ਰਾਂ ਵਿੱਚ, ਪਰਮੇਸ਼ੁਰ ਬੇਇਨਸਾਫ਼ੀ, ਪੱਖਪਾਤੀ ਅਤੇ ਅਨਿਆਈਂ ਜਾਪਦਾ ਸੀ। ਪਰ ਪਰਮੇਸ਼ੁਰ ਨਿਰਪੱਖ ਸੀ। ਕਾਇਨ ਕੋਲ ਉਹੀ ਮੌਕਾ ਸੀ ਜੋ ਹਾਬਲ ਕੋਲ ਸੀ ਕਿ ਉਹ ਉਹੀ ਕਰਦਾ ਜੋ ਪਰਮੇਸ਼ੁਰ ਦੇ ਅੱਗੇ ਸਹੀ ਸੀ ਅਤੇ ਇੱਕ ਅਜਿਹੀ ਭੇਂਟ ਚੜ੍ਹਾਉਂਦਾ ਜੋ ਪਰਮੇਸ਼ੁਰ ਦੁਆਰਾ ਸਵੀਕਾਰ ਕੀਤੀ ਜਾਂਦੀ। ਪਰ ਕਾਇਨ ਚਾਹੁੰਦਾ ਸੀ ਕਿ ਪਰਮੇਸ਼ੁਰ ਉਸ ਦੀਆਂ ਸ਼ਰਤਾਂ ਉੱਤੇ ਕੰਮ ਕਰੇ। ਇਹ ਹੰਕਾਰ ਸੀ।

ਕਾਇਨ ਨੇ ਪਰਮੇਸ਼ੁਰ ਤੋਂ ਠੋਕਰ ਖਾਧੀ ਸੀ ਅਤੇ ਫਿਰ ਵੀ, ਪਰਮੇਸ਼ੁਰ ਦੁਆਰਾ ਦੱਸੇ ਗਏ ਤਰੀਕੇ ਨਾਲ ਪਰਮੇਸ਼ੁਰ ਕੋਲ ਆਉਣ ਲਈ ਤਿਆਰ ਨਹੀਂ ਸੀ। ਠੋਕਰ ਅਤੇ ਹੰਕਾਰ ਦੇ ਇਸ ਸਥਾਨ ਵਿੱਚ, ਪਾਪ ਕਾਇਨ ਨੂੰ ਫੜਨ ਦੀ ਉਡੀਕ ਕਰ ਰਿਹਾ ਸੀ। ਫਿਰ ਵੀ, ਪਰਮੇਸ਼ੁਰ ਚਾਹੁੰਦਾ ਸੀ ਕਿ ਕਾਇਨ ਉਸ ਦੇ ਸਾਹਮਣੇ ਸਹੀ ਕੰਮ ਕਰ ਕੇ ਪਾਪ ਉੱਤੇ ਪਰਬਲ ਹੁੰਦਾ।

ਕਈ ਵਾਰ, ਵਿਸ਼ਵਾਸੀ ਪਰਮੇਸ਼ੁਰ ਤੋਂ ਠੋਕਰ ਖਾਂਦੇ ਹਨ। ਜੀਵਨ ਦੇ ਹਰ ਤਰ੍ਹਾਂ ਦੇ ਹਾਲਾਤ ਉਨ੍ਹਾਂ ਨੂੰ ਇਹ ਮਹਿਸੂਸ ਕਰਵਾ ਸਕਦੇ ਹਨ ਕਿ ਪਰਮੇਸ਼ੁਰ ਉਨ੍ਹਾਂ ਦੇ ਪ੍ਰਤੀ ਬੇਇਨਸਾਫ਼ਾ ਅਤੇ ਅਨਿਆਈਂ ਰਿਹਾ ਹੈ। ਉਹ ਮਹਿਸੂਸ ਕਰਦੇ ਹਨ ਕਿ ਉਹ ਬਿਹਤਰ ਦੇ ਹੱਕਦਾਰ ਹਨ। ਉਹ ਸਮਝ ਨਹੀਂ ਸਕਦੇ ਕਿ ਕਿਸੇ ਦੂਸਰੇ ਨੂੰ ਬਰਕਤ ਕਿਉਂ ਮਿਲੀ ਜਾਂ ਕਿਸੇ ਦੂਸਰੇ ਨੂੰ ਉਨ੍ਹਾਂ ਤੋਂ ਵਧੀਆ ਚੀਜ਼ ਕਿਉਂ ਮਿਲੀ। ਉਹ ਚਾਹੁੰਦੇ ਹਨ ਕਿ ਪਰਮੇਸ਼ੁਰ ਉਨ੍ਹਾਂ ਦੀਆਂ ਸ਼ਰਤਾਂ ‘ਤੇ ਕੰਮ ਕਰੇ। ਇਹ ਆਤਮਿਕ ਹੰਕਾਰ ਹੈ। ਇਹ ਹੰਕਾਰ ਹੈ ਜੋ ਸਾਨੂੰ ਪਰਮੇਸ਼ੁਰ ਤੋਂ ਠੋਕਰ ਖੁਆਉਂਦਾ ਹੈ। ਅਜਿਹੀ ਹਾਲਤ ਵਿੱਚ ਹੋਣ ਦਾ ਖ਼ਤਰਾ, ਜਿੱਥੇ ਇੱਕ ਵਿਅਕਤੀ ਪਰਮੇਸ਼ੁਰ ਤੋਂ ਠੋਕਰ ਖਾਂਦਾ ਹੈ, ਇਹ ਹੈ ਕਿ ਪਾਪ ਸਾਡੇ ਉੱਤੇ ਕਾਬੂ ਪਾਉਣ ਦੀ ਉਡੀਕ ਕਰ ਰਿਹਾ ਹੈ। ਇਹ ਠੋਕਰ ਪਾਪ ਲਈ ਦਾਖ਼ਿਲ ਹੋਣ ਦਾ ਇੱਕ ਬਿੰਦੂ (ਇੱਕ ਦਰਵਾਜ਼ਾ) ਬਣ ਜਾਂਦਾ ਹੈ ਅਤੇ ਇਸ ਤਰ੍ਹਾਂ ਸ਼ੈਤਾਨ ਨੂੰ ਵਿਸ਼ਵਾਸੀ ਦੇ ਜੀਵਨ ਵਿੱਚ ਇੱਕ ਕਮਜ਼ੋਰ ਖੇਤਰ ਵਿੱਚ ਆਉਣ ਅਤੇ ਕਾਬੂ ਪਾਉਣ ਦੀ ਇਜਾਜ਼ਤ ਦਿੰਦਾ ਹੈ।

ਇਸ ਦਾ ਇਲਾਜ਼ ਤੋਬਾ ਕਰਨਾ ਹੈ। ਇਹ ਪਰਮੇਸ਼ੁਰ ਕੋਲ ਆਉਣਾ ਹੈ ਅਤੇ ਇਹ ਸਵੀਕਾਰ ਕਰਨਾ ਹੈ ਕਿ ਉਹ ਹਮੇਸ਼ਾਂ ਚੰਗਾ, ਨਿਆਂਪੂਰਨ ਅਤੇ ਨਿਰਪੱਖ ਹੈ। ਇਹ ਅਸੀਂ ਹੀ ਹਾਂ ਜੋ ਗ਼ਲਤ ਸਮਝ ਗਏ ਹਨ ਕਿ ਉਹ ਕੌਣ ਹੈ। ਇਹ ਅਸੀਂ ਹੀ ਹਾਂ ਜੋ ਘੁਮੰਡੀ ਸੀ ਅਤੇ ਚੀਜ਼ਾਂ ਸਾਡੇ ਤਰੀਕੇ ਨਾਲ ਚਾਹੁੰਦੇ ਸੀ।

## *ਜਦੋਂ ਨਬੀ ਨੇ ਨਿਰਾਸ਼ ਮਹਿਸੂਸ ਕੀਤਾ*

**ਮੱਤੀ 11:2–6**

**2 ਯੂਹੰਨਾ ਕੇ ਕੈਦਖ਼ਾਨੇ ਵਿੱਚ ਮਸੀਹ ਦੇ ਕੰਮਾਂ ਨੂੰ ਸੁਣ ਕੇ ਆਪਣੇ ਚੇਲਿਆਂ ਦੀ ਰਾਹੀਂ ਉਹ ਨੂੰ ਆਖ ਘੱਲਿਆ।**

**3 "ਭਈ ਜਿਹੜਾ ਆਉਣ ਵਾਲਾ ਸੀ ਉਹ ਤੂੰ ਹੀ ਹੈ ਜਾਂ ਅਸੀਂ ਕਿਸੇ ਹੋਰ ਨੂੰ ਉਡੀਕੀਏ?"**
**4 ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, "ਜੋ ਕੁਝ ਤੁਸੀਂ ਸੁਣਦੇ ਅਤੇ ਵੇਖਦੇ ਹੋ ਸੋ ਯੂਹੰਨਾ ਨੂੰ ਜਾ ਦੱਸਿਓ,**
**5 ਕਿ ਅੰਨ੍ਹੇ ਸੁਜਾਖੇ ਹੁੰਦੇ ਹਨ ਅਤੇ ਲੰਙੇ ਤੁਰਦੇ ਹਨ ਕੋੜ੍ਹੀ ਸ਼ੁੱਧ ਕੀਤੇ ਜਾਂਦੇ ਹਨ ਅਤੇ ਬੋਲ਼ੇ ਸੁਣਦੇ ਹਨ ਅਤੇ ਮੁਰਦੇ ਜਿਵਾਏ ਜਾਂਦੇ ਹਨ ਅਤੇ ਗ਼ਰੀਬਾਂ ਨੂੰ ਖੁਸ਼ਖ਼ਬਰੀ ਸੁਣਾਈ ਜਾਂਦੀ ਹੈ।**
**6 ਅਤੇ ਧੰਨ ਉਹ ਹੈ ਜੋ ਮੇਰੇ ਕਾਰਨ ਠੋਕਰ** (ਯੂਨਾਨੀ *ਸਕੈਂਡਲੀਜ਼ੋ*) **ਨਾ ਖਾਵੇ।"**

ਇਸ ਦ੍ਰਿਸ਼ ਦੀ ਕਲਪਨਾ ਕਰਨ ਦੀ ਕੋਸ਼ਿਸ਼ ਕਰੋ। ਯੂਹੰਨਾ ਬਪਤਿਸਮਾ ਦੇਣ ਵਾਲਾ ਉਹ ਵਿਅਕਤੀ ਸੀ ਜਿਸ ਨੇ ਰੱਬੀ ਤੌਰ 'ਤੇ ਯਿਸੂ ਨੂੰ ਪਛਾਣਿਆ ਅਤੇ ਉਸ ਨੂੰ ਸੰਸਾਰ ਨਾਲ ਜਾਣੂ ਕਰਵਾਇਆ। ਯੂਹੰਨਾ ਉਹ ਸੀ ਜਿਸ ਨੇ ਐਲਾਨ ਕੀਤਾ ਸੀ ਕਿ *"ਪਰਮੇਸ਼ੁਰ ਦਾ ਲੇਲਾ ਜਿਹੜਾ ਜਗਤ ਦਾ ਪਾਪ ਚੁੱਕ ਲੈ ਜਾਂਦਾ ਹੈ"* (ਯੂਹੰਨਾ 1:29)। ਯੂਹੰਨਾ ਉਹ ਸੀ ਜਿਸ ਨੇ ਯਿਸੂ ਨੂੰ ਪਵਿੱਤਰ ਆਤਮਾ ਵਿੱਚ ਬਪਤਿਸਮਾ ਦੇਣ ਵਾਲੇ ਵਜੋਂ ਐਲਾਨਿਆ ਸੀ। ਪਰ ਹੁਣ, ਯੂਹੰਨਾ ਨੂੰ ਕੈਦਖ਼ਾਨੇ ਵਿੱਚ ਪਾ ਦਿੱਤਾ ਗਿਆ ਹੈ, ਯਿਸੂ ਆਪਣੀ ਸੇਵਕਾਈ ਨੂੰ ਜ਼ਾਰੀ ਰੱਖ ਰਿਹਾ ਹੈ, ਪਰ ਕਿਸੇ ਵੀ ਤਰੀਕੇ ਨਾਲ ਯੂਹੰਨਾ ਨੂੰ ਕੈਦਖ਼ਾਨੇ ਵਿੱਚੋਂ ਬਾਹਰ ਲਿਆਉਣ ਲਈ ਕੁਝ ਨਹੀਂ ਕਰ ਰਿਹਾ ਹੈ। ਜ਼ਰਾ ਕਲਪਨਾ ਕਰੋ ਕਿ ਯੂਹੰਨਾ ਦੇ ਦਿਮਾਗ਼ ਵਿੱਚ ਕੀ ਬੀਤਿਆ ਹੋਵੇਗਾ—"ਜੇਕਰ ਯਿਸੂ ਸੱਚਮੁੱਚ ਮਸੀਹਾ ਹੈ, ਤਾਂ ਉਹ ਬਿਨ੍ਹਾਂ ਸ਼ੱਕ ਮੈਨੂੰ ਕੈਦਖ਼ਾਨੇ ਵਿੱਚੋਂ ਛੁਡਾਵੇਗਾ। ਪਰ ਇਹ ਬੰਦਾ ਕੁਝ ਨਹੀਂ ਕਰ ਰਿਹਾ। ਕੀ ਉਹ ਸੱਚਮੁੱਚ ਮਸੀਹਾ ਹੈ?" ਅਤੇ ਇਸ ਲਈ, ਯੂਹੰਨਾ ਆਪਣੇ ਚੇਲਿਆਂ ਨੂੰ ਇਹ ਪਤਾ ਲਗਾਉਣ ਲਈ ਭੇਜਦਾ ਹੈ। ਯਿਸੂ ਯੂਹੰਨਾ ਨੂੰ ਉਸ ਦੇ ਕਾਰਨ ਠੋਕਰ ਨਾ ਖਾਣ ਦੀ ਹੱਲਾਸ਼ੇਰੀ ਦੇ ਕੇ ਆਪਣਾ ਜਵਾਬ ਖ਼ਤਮ ਕਰਦਾ ਹੈ। ਅਸਲ ਵਿੱਚ ਆਪ ਯਿਸੂ, ਯੂਹੰਨਾ ਦੇ ਬਾਰੇ ਗੱਲ ਕਰਕੇ ਕਹਿ ਰਿਹਾ ਸੀ, "ਯੂਹੰਨਾ, ਮੈਂ ਜਾਣਦਾ ਹਾਂ ਕਿ ਤੂੰ ਆਪਣੇ ਆਪ ਨੂੰ ਕੈਦਖ਼ਾਨੇ ਵਿੱਚ ਪਾ ਕੇ ਨਿਰਾਸ਼ ਮਹਿਸੂਸ ਕਰਦਾ ਹੋਵੇਂਗਾ। ਪਰ ਆਪਣੇ ਦਿਲ ਨੂੰ ਠੋਕਰ ਨਾ ਲੱਗਣ ਦਿਹ।"

ਜਦੋਂ ਅਸੀਂ ਪਰਮੇਸ਼ੁਰ ਤੋਂ "ਨਿਰਾਸ਼" ਮਹਿਸੂਸ ਕਰਦੇ ਹਾਂ, ਤਾਂ ਜਾਣੋ ਕਿ ਉਹ ਕਦੇ ਵੀ ਕਿਸੇ ਨੂੰ ਨਿਰਾਸ਼ ਨਹੀਂ ਕਰਦਾ ਅਤੇ ਸਭ ਤੋਂ ਵੱਧ, ਉਸ ਪ੍ਰਤੀ ਠੋਕਰ ਨੂੰ ਆਪਣੇ ਦਿਲ ਵਿੱਚ ਨਾ ਆਉਣ ਦਿਓ। ਉਹ ਜਾਣਦਾ ਹੈ ਕਿ ਹਰ ਹਾਲਤ ਵਿੱਚ ਕੀ ਕਰਨਾ ਹੈ।

## ਯਿਸੂ ਮਸੀਹ ਦੇ ਕਾਰਨ ਠੋਕਰ ਖਾਧੇ ਹੋਏ: ਠੋਕਰ ਦੀ ਚਟਾਨ

ਯਸਾਯਾਹ ਨੇ ਯਿਸੂ ਮਸੀਹ ਬਾਰੇ ਭਵਿੱਖਬਾਣੀ ਕੀਤੀ ਅਤੇ ਉਸ ਨੂੰ ਠੋਕਰ ਦਾ ਪੱਥਰ ਅਤੇ ਠੇਡਾ ਖਾਣ ਦੀ ਚਟਾਨ ਕਿਹਾ।

**ਯਸਾਯਾਹ 8:13–15**

**13 ਸੈਨਾਂ ਦਾ ਯਹੋਵਾਹ, ਉਹ ਨੂੰ ਪਵਿੱਤਰ ਮੰਨੋ; ਅਤੇ ਉਹ ਤੁਹਾਡੇ ਲਈ ਭੈਅ ਅਤੇ ਉਹ ਤੁਹਾਡੇ ਲਈ ਕਾਂਬਾ ਹੋਵੇ।**

**14 ਉਹ ਪਵਿੱਤਰ ਅਸਥਾਨ ਹੋਵੇਗਾ, ਪਰ ਇਸਰਾਏਲ ਦੇ ਦੋਹਾਂ ਘਰਾਣਿਆਂ ਲਈ ਠੋਕਰ ਦਾ ਪੱਥਰ ਅਤੇ ਠੇਡਾ ਖਾਣ ਦੀ ਚਟਾਨ ਅਤੇ ਯਰੂਸ਼ਲਮ ਦੇ ਵਾਸੀਆਂ ਲਈ ਫਾਹੀ ਤੇ ਫੰਦਾ ਹੋਵੇਗਾ।**

**15 ਬਹੁਤੇ ਉਨ੍ਹਾਂ ਵਿੱਚ ਠੇਡੇ ਖਾਣਗੇ ਅਤੇ ਡਿੱਗਣਗੇ ਅਤੇ ਚੂਰ-ਚੂਰ ਹੋ ਜਾਣਗੇ ਅਤੇ ਫਾਹੇ ਜਾਣਗੇ ਅਤੇ ਫੜੇ ਜਾਣਗੇ।**

**ਯਸਾਯਾਹ 28:16**

**ਏਸ ਲਈ ਪ੍ਰਭੂ ਯਹੋਵਾਹ ਫ਼ਰਮਾਉਂਦਾ ਹੈ, "ਵੇਖੋ, ਮੈਂ ਸੀਯੋਨ ਵਿੱਚ ਇੱਕ ਪੱਥਰ, ਇੱਕ ਪਰਖਿਆ ਹੋਇਆ ਪੱਥਰ, ਇੱਕ ਅਮੋਲਕ ਖੂੰਜੇ ਦਾ ਪੱਥਰ ਪੱਕੀ ਨੀਂਹ ਦਾ ਧਰਦਾ ਹਾਂ, ਜਿਹੜਾ ਪਰਤੀਤ ਕਰਦਾ ਹੈ, ਉਹ ਕਾਹਲੀ ਨਹੀਂ ਕਰੇਗਾ।"**

ਦਿਲਚਸਪ ਗੱਲ ਇਹ ਹੈ, ਕਿ ਰੋਮੀਆਂ ਵਿੱਚ ਪੌਲੁਸ ਰਸੂਲ ਅਤੇ ਰਸੂਲ ਪਤਰਸ ਦੋਵੇਂ 1 ਪਤਰਸ ਵਿੱਚ ਯਿਸੂ ਮਸੀਹ ਬਾਰੇ ਯਸਾਯਾਹ ਦੀ ਭਵਿੱਖਬਾਣੀ ਦਾ ਹਵਾਲਾ ਦਿੰਦੇ ਹਨ।

ਯਹੂਦੀ ਲੋਕਾਂ ਨੇ ਯਿਸੂ ਦੇ ਆਉਣ 'ਤੇ ਉਸ ਨੂੰ ਰੱਦ ਕਰ ਦਿੱਤਾ ਕਿਉਂਕਿ ਉਹ ਮਸੀਹਾ ਬਾਰੇ ਉਨ੍ਹਾਂ ਦੀਆਂ ਉਮੀਦਾਂ 'ਤੇ ਖਰ੍ਹਾ ਨਹੀਂ ਉਤਰਿਆ ਸੀ। ਪੌਲੁਸ ਰਸੂਲ ਰੋਮੀਆਂ 9:30-33 ਵਿੱਚ ਯਸਾਯਾਹ ਦੀ ਭਵਿੱਖਬਾਣੀ ਦੇ ਪੂਰਾ ਹੋਣ ਬਾਰੇ ਲਿਖਦਾ ਹੈ। ਇਸਰਾਏਲ ਨੇ ਯਿਸੂ ਮਸੀਹ ਦੇ ਕਾਰਨ ਠੋਕਰ ਖਾਧੀ ਕਿਉਂਕਿ ਉਹ ਨਿਹਚਾ ਦੁਆਰਾ ਧਾਰਮਿਕਤਾ ਪ੍ਰਾਪਤ ਕਰਨ ਵਿੱਚ ਅਸਮਰੱਥ ਸਨ। ਇਸ ਦੀ ਬਜਾਇ, ਉਨ੍ਹਾਂ ਨੇ ਬਿਵਸਥਾ ਜਾਂ ਸ਼ਰ੍ਹਾ ਰਾਹੀਂ ਆਪਣੀ ਧਾਰਮਿਕਤਾ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ। ਇਹ ਹੈ ਜੋ ਪਤਰਸ ਰਸੂਲ ਨੇ ਲਿਖਿਆ ਹੈ।

**1 ਪਤਰਸ 2:6-8**

**6 ਇਸ ਲਈ ਜੋ ਧਰਮ ਪੁਸਤਕ ਵਿੱਚ ਇਹ ਆਇਆ ਹੈ, "ਵੇਖੋ, ਮੈਂ ਸੀਯੋਨ ਵਿੱਚ ਇੱਕ ਖੂੰਜੇ ਦਾ ਪੱਥਰ, ਚੁਣਿਆ ਹੋਇਆ, ਅਮੋਲਕ ਰੱਖਦਾ ਹਾਂ, ਅਤੇ ਜਿਹੜਾ ਉਸ ਉੱਤੇ ਪਰਤੀਤ ਕਰਦਾ ਹੈ ਕਦੇ ਸ਼ਰਮਿੰਦਾ ਨਾ ਹੋਵੇਗਾ।"**

**7 ਸੋ ਉਹ ਤੁਹਾਡੇ ਲਈ ਜਿਹੜੇ ਨਿਹਚਾ ਕਰਦੇ ਹੋ ਅਮੋਲਕ ਹੈ; ਪਰ ਜਿਹੜੇ ਨਿਹਚਾ ਨਹੀਂ ਕਰਦੇ, "ਜਿਸ ਪੱਥਰ ਨੂੰ ਰਾਜਾਂ ਨੇ ਰੱਦਿਆ ਸੋਈ ਖੂੰਜੇ ਦਾ ਸਿਰਾ ਹੋ ਗਿਆ।"**

**8 ਅਤੇ, "ਠੋਕਰ ਦਾ ਪੱਥਰ ਅਤੇ ਠੇਡਾ ਖਾਣ ਦੀ ਚਟਾਨ।" ਓਹ ਅਣਆਗਿਆਕਾਰ ਹੋ ਕੇ ਵਚਨ ਤੋਂ, ਠੋਕਰ ਖਾਂਦੇ ਹਨ, ਜਿਹ ਦੇ ਲਈ ਓਹ ਠਹਿਰਾਏ ਵੀ ਗਏ ਸਨ।**

ਸਾਡੇ ਲਈ ਜੋ ਪਰਤੀਤ ਕਰਦੇ ਹਨ, ਯਿਸੂ ਮਸੀਹ ਮੁੱਖ ਖੂੰਜੇ ਦਾ ਪੱਥਰ ਹੈ ਅਤੇ ਉਹ ਅਮੋਲਕ ਹੈ। ਫਿਰ ਵੀ, ਕਈਆਂ ਲਈ, ਉਹ ਠੋਕਰ ਦਾ ਪੱਥਰ ਅਤੇ ਠੋਕਰ ਦੀ ਚਟਾਨ ਹੈ।

ਯਿਸੂ ਮਸੀਹ ਕੁਝ ਲੋਕਾਂ ਲਈ ਠੋਕਰ ਹੈ, ਅਤੇ ਉਹ ਇਸ ਨੂੰ ਸਾਡੇ ਉਸ ਦੇ ਲੋਕ, ਉਸ ਦੀ ਕਲੀਸਿਆ—'ਤੇ ਲੈ ਜਾਂਦੇ ਹਨ। ਜੇਕਰ ਲੋਕ ਯਿਸੂ ਮਸੀਹ ਵਿੱਚ ਤੁਹਾਡੀ

ਨਿਹਚਾ ਕਰਕੇ ਤੁਹਾਨੂੰ ਠੋਕਰ ਖੁਆਉਂਦੇ ਹਨ ਤਾਂ ਹੈਰਾਨ ਨਾ ਹੋਵੋ। ਤੁਹਾਡੇ ਵਿੱਚ ਮਸੀਹ ਦੇ ਕਾਰਨ ਲੋਕ ਠੋਕਰ ਖਾਂਦੇ ਹਨ। ਜਿਵੇਂ ਪੌਲੁਸ ਰਸੂਲ ਨੇ ਕਿਹਾ ਸੀ, *"ਕਿਉਂ ਜੋ ਅਸੀਂ ਪਰਮੇਸ਼ੁਰ ਦੇ ਲਈ ਓਹਨਾਂ ਵਿੱਚ ਜਿਹੜੇ ਮੁਕਤੀ ਨੂੰ ਪ੍ਰਾਪਤ ਹੋ ਰਹੇ ਹਨ ਅਤੇ ਓਹਨਾਂ ਵਿੱਚ ਜਿਹੜੇ ਨਾਸ਼ ਹੋ ਰਹੇ ਹਨ ਮਸੀਹ ਦੀ ਸੁਗੰਧੀ ਹਾਂ। ਏਹਨਾਂ ਨੂੰ ਮੌਤ ਲਈ ਮੌਤ ਦੀ, ਬੋ ਪਰ ਓਹਨਾਂ ਨੂੰ ਜੀਵਨ ਲਈ ਜੀਵਨ ਦੀ ਬੋ ਹਾਂ ..."* (2 ਕੁਰਿੰਥੀਆਂ 2:15,16)।

ਮੱਤੀ 26:31,33 ਵਿੱਚ ਯਿਸੂ ਨੇ ਭਵਿੱਖਬਾਣੀ ਕੀਤੀ ਸੀ ਕਿ ਉਸ ਦੇ ਸਲੀਬ ਦਿੱਤੇ ਜਾਣ ਦੇ ਸਮੇਂ ਉਸ ਦੇ ਚੇਲਿਆਂ ਠੋਕਰ ਖਾਣੀ ਸੀ—*"ਤਦ ਯਿਸੂ ਨੇ ਉਨ੍ਹਾਂ ਨੂੰ ਆਖਿਆ, "ਅੱਜ ਰਾਤ ਤੁਸੀਂ ਸੱਭੇ ਮੇਰੇ ਕਾਰਨ ਠੋਕਰ ਖਾਵੋਗੇ (ਯੂਨਾਨੀ ਸਕੈਂਡਲੀਜ਼ੋ) ਕਿਉਂਕਿ ਇਹ ਲਿਖਿਆ ਹੈ ਜੋ 'ਮੈਂ ਅਯਾਲੀ ਨੂੰ ਮਾਰਾਂਗਾ ਅਤੇ ਇੱਜੜ ਦੀਆਂ ਭੇਡਾਂ ਖਿੱਲਰ ਜਾਣਗੀਆਂ।' ਤਦ ਪਤਰਸ ਨੇ ਉਹ ਨੂੰ ਉੱਤਰ ਦਿੱਤਾ, "ਭਾਵੇਂ ਤੇਰੇ ਕਾਰਨ ਸੱਭੇ ਠੋਕਰ ਖਾਣ (ਯੂਨਾਨੀ ਸਕੈਂਡਲੀਜ਼ੋ) ਪਰ ਮੈਂ ਠੋਕਰ ਕਦੇ ਨਹੀਂ ਖਾਵਾਂਗਾ।"* ਹਾਲਾਂਕਿ ਪਤਰਸ ਨੇ ਬਹਾਦਰ ਬਣਨ ਦੀ ਕੋਸ਼ਿਸ਼ ਕੀਤੀ, ਪਰ ਉਹ ਵੀ ਠੋਕਰ ਖਾ ਗਿਆ।

ਯਿਸੂ ਨੇ ਕਈ ਥਾਵਾਂ 'ਤੇ ਆਪਣੇ ਚੇਲਿਆਂ ਲਈ ਆਉਣ ਵਾਲੀਆਂ ਠੋਕਰਾਂ ਦੀ ਭਵਿੱਖਬਾਣੀ ਕੀਤੀ ਸੀ। ਯੂਹੰਨਾ 16:1,2 'ਤੇ ਵਿਚਾਰ ਕਰੋ—*"ਏਹ ਗੱਲਾਂ ਮੈਂ ਤੁਹਾਨੂੰ ਇਸ ਲਈ ਆਖੀਆਂ ਹਨ ਜੋ ਤੁਸੀਂ ਠੋਕਰ ਨਾ ਖਾਓ (ਯੂਨਾਨੀ ਸਕੈਂਡਲੀਜ਼ੋ)। ਓਹ ਤੁਹਾਨੂੰ ਸਮਾਜਾਂ ਵਿੱਚੋਂ ਛੇਕ ਦੇਣਗੇ; ਸਗੋਂ, ਉਹ ਸਮਾਂ ਆਉਂਦਾ ਹੈ ਕਿ ਹਰੇਕ ਜੋ ਤੁਹਾਨੂੰ ਮਾਰ ਦੇਵੇ ਸੋ ਇਹ ਸਮਝੇਗਾ ਭਈ ਮੈਂ ਪਰਮੇਸ਼ੁਰ ਦੀ ਸੇਵਾ ਕਰਦਾ ਹਾਂ।"*

ਇਸ ਲਈ, ਵਿਸ਼ਵਾਸੀ ਯਿਸੂ ਮਸੀਹ ਵਿੱਚ ਨਿਹਚਾ ਦੇ ਕਾਰਨ ਠੋਕਰ ਦਾ ਸਾਹਮਣਾ ਕਰਨਗੇ।

## ਵਚਨ ਅਤੇ ਆਤਮਾ ਦੇ ਕਾਰਨ ਠੋਕਰ ਖਾਧੇ ਹੋਏ

ਇੱਥੇ ਯਸਾਯਾਹ ਦੀ ਇੱਕ ਹੋਰ ਭਵਿੱਖਬਾਣੀ ਹੈ।

**ਯਸਾਯਾਹ 28:9-13**

**9 "ਉਹ ਕਿਹ ਨੂੰ ਗਿਆਨ ਸਿਖਾਵੇਗਾ ਅਤੇ ਕਿਹ ਨੂੰ ਪਰਚਾਰ ਦੀ ਸਮਝ ਦੇਵੇਗਾ? ਕੀ ਓਹਨਾਂ ਨੂੰ ਜਿਨ੍ਹਾਂ ਦਾ ਦੁੱਧ ਛੁਡਾਇਆ ਗਿਆ ਜਾਂ ਜਿਹੜੇ ਦੁੱਧੀਆਂ ਤੋਂ ਅੱਡ ਕੀਤੇ ਗਏ?**
**10 ਬਿਧ ਤੇ ਬਿਧ, ਬਿਧ ਤੇ ਬਿਧ, ਸੂਤ੍ਰ ਤੇ ਸੂਤ੍ਰ, ਸੂਤ੍ਰ ਤੇ ਸੂਤ੍ਰ, ਥੋੜ੍ਹਾ ਐਥੇ, ਥੋੜ੍ਹਾ ਉੱਥੇ!"**
**11 ਉਹ ਤਾਂ ਥਥਲੇ ਬੁੱਲਾਂ ਅਤੇ ਓਪਰੀ ਜ਼ਬਾਨ ਦੇ ਰਾਹੀਂ ਇਸ ਪਰਜਾ ਨਾਲ ਬੋਲੇਗਾ,**
**12 ਜਿਨ੍ਹਾਂ ਨੂੰ ਓਸ ਆਖਿਆ, "ਏਹ ਅਰਾਮ ਹੈ, ਹੁੱਸੇ ਹੋਏ ਨੂੰ ਅਰਾਮ ਦਿਓ", ਅਤੇ "ਚੈਨ ਏਹ ਹੈ," ਪਰ ਓਹਨਾਂ ਨੇ ਸੁਣਨਾ ਨਾ ਚਾਹਿਆ।**

**[13] ਸੋ ਯਹੋਵਾਹ ਦਾ ਬੋਲ ਓਹਨਾਂ ਲਈ ਏਹ ਹੋਵੇਗਾ,"ਬਿਧ ਤੇ ਬਿਧ, ਬਿਧ ਤੇ ਬਿਧ, ਸੂਤ੍ਰ ਤੇ ਸੂਤ੍ਰ, ਸੂਤ੍ਰ ਤੇ ਸੂਤ੍ਰ, ਥੋੜ੍ਹਾ ਐਥੇ, ਥੋੜ੍ਹਾ ਉੱਥੇ," ਭਈ ਓਹ ਚੱਲੇ ਜਾਣ ਤੇ ਪਿਛਾਹਾਂ ਡਿੱਗ ਪੈਣ ਅਤੇ ਤੋੜੇ ਜਾਣ ਤੇ ਫੱਸ ਕੇ ਫੜੇ ਜਾਣ।**

ਕਈ ਵਾਰ, ਲੋਕ ਵਚਨ, ਪਰਮੇਸ਼ੁਰ ਦੀ ਸੱਚਿਆਈ ਤੋਂ ਠੋਕਰ ਖਾ ਜਾਂਦੇ ਹਨ। ਵਚਨ ਸਾਨੂੰ ਬਣਾਉਣ ਲਈ, ਸਾਡੇ ਲਈ ਗਿਆਨ ਅਤੇ ਸਮਝ ਲਿਆਉਣ ਲਈ ਹੈ। ਯਸਾਯਾਹ 28:11,12 ਆਇਤਾਂ ਆਤਮਾ ਦੇ ਕੰਮ ਅਤੇ ਦੂਜੀਆਂ ਬੋਲੀਆਂ ਬੋਲਣ ਦਾ ਹਵਾਲਾ ਦਿੰਦੀਆਂ ਹਨ ਜਿਵੇਂ ਕਿ ਪੌਲੁਸ ਰਸੂਲ ਦੁਆਰਾ 1 ਕੁਰਿੰਥੀਆਂ 14:21 ਵਿੱਚ ਹਵਾਲਾ ਦਿੱਤਾ ਗਿਆ ਹੈ। ਫਿਰ ਵੀ, ਲੋਕ ਇਸ ਨੂੰ ਰੱਦ ਕਰਦੇ ਹਨ। ਉਹ ਠੋਕਰ ਖਾਂਦੇ ਹਨ, ਡਿੱਗਦੇ ਹਨ, ਗ਼ਲਤੀ ਕਰਦੇ ਹਨ ਅਤੇ ਫਸ ਜਾਂਦੇ ਹਨ ਕਿਉਂਕਿ ਉਹ ਵਚਨ ਜਾਂ ਆਤਮਾ ਨੂੰ ਪ੍ਰਾਪਤ ਕਰਨ ਵਿੱਚ ਅਸਮਰੱਥ ਹੁੰਦੇ ਹਨ।

ਇਹ ਇੱਕ ਵਿਸ਼ਵਾਸੀ ਦੇ ਜੀਵਨ ਵਿੱਚ ਹੇਠਾਂ ਲਿਖੇ ਤਰੀਕਿਆਂ ਨਾਲ ਕੰਮ ਕਰਦਾ ਹੈ।

## *ਜਦੋਂ ਪਰਮੇਸ਼ੁਰ ਤੁਹਾਡੀ ਸਮਝ ਨੂੰ ਵਧਾਉਂਦਾ ਹੈ*

ਕਈ ਵਾਰ, ਤੁਸੀਂ ਇੱਕ ਵਿਸ਼ਵਾਸੀ ਹੋਣ ਦੇ ਨਾਤੇ ਵਚਨ ਅਤੇ ਆਤਮਾ ਦੁਆਰਾ ਠੋਕਰ ਖਾਂਦੇ ਹੋ ਕਿਉਂਕਿ ਇਹ ਤੁਹਾਡੇ ਵਿਸ਼ੇ ਦੇ ਢਾਂਚੇ ਵਿੱਚ ਫਿੱਟ ਨਹੀਂ ਹੁੰਦਾ। ਪਰਮੇਸ਼ੁਰ ਦਿਲ ਨੂੰ ਉਜਾਗਰ ਕਰਨ ਲਈ ਮਨ ਨੂੰ ਠੋਕਰ ਖੁਆਉਂਦਾ ਹੈ। ਇਸ ਲਈ, ਜਦੋਂ ਤੁਸੀਂ ਸੋਚਦੇ ਹੋ ਕਿ ਤੁਹਾਡੇ ਕੋਲ ਆਪਣਾ ਸਾਰਾ ਅਧਿਆਤਮਿਕ ਗਿਆਨ ਸਹੀ ਹੈ ਅਤੇ ਤੁਸੀਂ ਪਵਿੱਤਰ ਆਤਮਾ ਦੇ ਨਾਲ ਸੰਪੂਰਨ ਪ੍ਰਵਾਹ ਵਿੱਚ ਹੋ, ਤਾਂ ਕੋਈ ਅਜਿਹਾ ਵਿਅਕਤੀ ਆਉਂਦਾ ਹੈ ਜਿਸ ਦੁਆਰਾ ਵਚਨ ਅਤੇ ਆਤਮਾ ਨੂੰ ਉਨ੍ਹਾਂ ਤਰੀਕਿਆਂ ਨਾਲ ਪ੍ਰਗਟ ਕੀਤਾ ਜਾ ਰਿਹਾ ਹੈ ਜਿਸ ਦੀ ਤੁਸੀਂ ਕਦੇ ਕਲਪਨਾ ਵੀ ਨਹੀਂ ਕੀਤੀ ਸੀ। ਇਹ ਸੱਚਮੁੱਚ ਤੁਹਾਡੀ ਸਮਝ ਨੂੰ ਹਿਲਾ ਦਿੰਦਾ ਹੈ। ਤੁਹਾਡੇ ਕੋਲ ਕਰਨ ਲਈ ਇੱਕ ਚੋਣ ਹੈ। ਤੁਸੀਂ ਜਾਂ ਤਾਂ ਇਸ ਤੋਂ ਠੋਕਰ ਖਾ ਸਕਦੇ ਹੋ ਅਤੇ ਇਸ ਨੂੰ ਪੂਰੀ ਤਰ੍ਹਾਂ ਰੱਦ ਕਰ ਸਕਦੇ ਹੋ ਜਾਂ ਤੁਸੀਂ ਪਰਮੇਸ਼ੁਰ ਨੂੰ ਬੇਨਤੀ ਕਰ ਸਕਦੇ ਹੋ ਕਿ ਉਹ ਤੁਹਾਨੂੰ ਆਪਣੀ ਆਤਮਿਕ ਸਮਝ, ਸਮਰੱਥਾ ਅਤੇ ਤਜ਼ੁਰਬੇ ਨੂੰ ਵਧਾਉਣ ਅਤੇ ਵਿਕਸਿਤ ਕਰਨ ਦੀ ਕਿਰਪਾ ਦੇਵੇ। [**ਨੋਟ:** ਅਸੀਂ ਧਰਮ ਵਿਰੋਧੀ ਸਿੱਖਿਆ ਦਾ ਹਵਾਲਾ ਨਹੀਂ ਦੇ ਰਹੇ ਹਾਂ। ਜੋ ਕੁਝ ਪਾਖੰਡ ਜਾਂ ਇੱਕ ਗ਼ਲਤੀ ਹੈ, ਉਸ ਨੂੰ ਇਸ ਤਰ੍ਹਾਂ ਕਿਹਾ ਜਾਣਾ ਚਾਹੀਦਾ ਹੈ। ਅਸੀਂ ਉਸ ਚੀਜ਼ ਦਾ ਹਵਾਲਾ ਦੇ ਰਹੇ ਹਾਂ ਜੋ ਪਰਮੇਸ਼ੁਰ ਦੀ ਹੈ, ਪਰ ਉਹ ਨਹੀਂ ਜਿਸ ਦੀ ਤੁਹਾਨੂੰ ਆਦਤ ਹੈ।]

ਗ਼ਲਤ ਗੱਲ ਇਹ ਹੈ ਕਿ ਤੁਸੀਂ ਕਿਸੇ ਅਜਿਹੀ ਚੀਜ਼ ਨਾਲ ਲੜਨਾ ਸ਼ੁਰੂ ਕਰ ਦਿਓ ਜੋ ਤੁਹਾਨੂੰ ਸਮਝ ਨਹੀਂ ਆਉਂਦੀ। ਮਸੀਹੀ-ਜਗਤ ਵਿੱਚ ਅਸੀਂ ਕਿੰਨੀ ਵਾਰ ਵਿਸ਼ਵਾਸੀਆਂ ਨੂੰ ਇੱਕ ਦੂਜੇ ਉੱਤੇ ਚਿੱਕੜ ਸੁੱਟਦੇ ਵੇਖਦੇ ਹਾਂ ਕਿਉਂਕਿ ਉਹ ਕਿਸੇ ਹੋਰ

ਦੁਆਰਾ ਵਚਨ ਅਤੇ ਆਤਮਾ ਦੇ ਕੰਮ ਵਿੱਚ ਠੋਕਰ ਖਾਂਦੇ ਹਨ। ਉਹ ਵਚਨ ਅਤੇ ਆਤਮਾ ਦੇ ਪ੍ਰਗਟਾਵੇ ਨੂੰ ਪ੍ਰਾਪਤ ਕਰਨ ਵਿੱਚ ਅਸਮਰੱਥ ਹੁੰਦੇ ਹਨ ਅਤੇ ਇਸ ਲਈ ਠੋਕਰ ਖਾਂਦੇ ਹਨ ਅਤੇ ਫਿਰ ਉਹ ਚੀਜ਼ ਨੂੰ ਢਾਹ ਦਿੰਦੇ ਹਨ, ਜੋ ਉਹ ਸਮਝ ਨਹੀਂ ਪਾਉਂਦੇ ਹਨ।

## *ਜਦੋਂ ਦੂਜੇ ਤੁਹਾਡੇ ਵਿੱਚ ਪਰਮੇਸ਼ੁਰ ਦੇ ਕੰਮ ਨੂੰ .ਗਲਤ ਸਮਝਦੇ ਹਨ*

ਦੂਜਾ ਤਰੀਕਾ ਇਹ ਹੈ ਕਿ ਇੱਕ ਵਿਸ਼ਵਾਸੀ ਵਚਨ ਅਤੇ ਆਤਮਾ ਦੇ ਕਾਰਨ ਠੋਕਰ ਦਾ ਸਾਹਮਣਾ ਕਰ ਸਕਦਾ ਹੈ ਜਦੋਂ ਉਹ ਲੋਕ ਜੋ ਇਹ ਨਹੀਂ ਸਮਝਦੇ ਕਿ ਪਰਮੇਸ਼ੁਰ ਤੁਹਾਡੇ ਜੀਵਨ ਵਿੱਚ ਕੀ ਕਰ ਰਿਹਾ ਹੈ ਤੁਹਾਡੇ ਉੱਤੇ ਹਮਲਾ ਕਰਦੇ ਹਨ। ਕਦੇ-ਕਦੇ, ਲੋਕ ਹਮਲਾ ਕਰਦੇ ਹਨ, ਠੋਕਰ ਖਾਂਦੇ ਹਨ, ਮਖੌਲ ਉਡਾਉਂਦੇ ਹਨ, ਤੁਹਾਡੀ ਆਲੋਚਨਾ ਕਰਦੇ ਹਨ ਅਤੇ ਤੁਹਾਨੂੰ ਗਾਲ਼ਾਂ ਕੱਢਦੇ ਹਨ ਕਿਉਂਕਿ ਉਹ ਤੁਹਾਡੇ ਦੁਆਰਾ ਪਰਮੇਸ਼ੁਰ ਦੇ ਵਚਨ ਅਤੇ ਉਸ ਦੇ ਆਤਮਾ ਦੁਆਰਾ ਕੀਤੇ ਗਏ ਕੰਮ ਨੂੰ ਸਮਝਣ ਵਿੱਚ ਅਸਮਰੱਥ ਹੁੰਦੇ ਹਨ।

ਯਿਸੂ ਨੇ ਸਾਡੇ ਲਈ ਬੀਜ ਬੀਜਣ ਵਾਲੇ ਦੇ ਦ੍ਰਿਸ਼ਟਾਂਤ ਵਿੱਚ ਦਰਸਾਇਆ ਜਦੋਂ ਉਸ ਨੇ ਪੱਥਰੀਲੀ ਜ਼ਮੀਨ ਉੱਤੇ ਡਿੱਗਣ ਵਾਲੇ ਬੀਜ ਦਾ ਜ਼ਿਕਰ ਕੀਤਾ। ਯਿਸੂ ਨੇ ਵਚਨ ਦੇ ਕਾਰਨ ਕਿਸੇ ਨੂੰ ਠੋਕਰ ਖਾਣ ਦੇ ਕਾਰਨ ਸਤਾਓ ਦੇ ਆਉਣ ਬਾਰੇ ਗੱਲ ਕੀਤੀ।

**ਮੱਤੀ 13:21**

**ਪਰ ਆਪਣੇ ਵਿੱਚ ਜੜ੍ਹ ਨਹੀਂ ਰੱਖਦਾ ਹੈ, ਤਾਂ ਵੀ ਥੋੜਾ ਚਿਰ ਰਹਿੰਦਾ ਹੈ। ਪਰ ਜਾਂ ਵਚਨ ਦੇ ਕਾਰਨ ਦੁੱਖ ਜਾਂ ਜ਼ੁਲਮ ਹੁੰਦਾ, ਤਾਂ ਉਹ ਝੱਟ ਠੋਕਰ ਖਾਂਦਾ ਹੈ** (ਯੂਨਾਨੀ *ਸਕੈਂਡਲੀਜ਼ੋ*)**।**

ਪੌਲੁਸ ਰਸੂਲ ਨੂੰ ਆਪਣੇ ਜ਼ਮਾਨੇ ਵਿੱਚ ਸੁੰਨਤ ਨੂੰ ਉਤਸ਼ਾਹਿਤ ਕਰਨ ਦੀ ਬਜਾਇ ਯਿਸੂ ਮਸੀਹ ਦੇ ਸਲੀਬ ਦੇ ਸੰਦੇਸ਼ ਦਾ ਪ੍ਰਚਾਰ ਕਰਨ ਲਈ ਠੋਕਰ ਦਾ ਸਾਹਮਣਾ ਕਰਨਾ ਪਿਆ।

**ਗਲਾਤੀਆਂ 5:11**

**ਪਰ, ਹੇ ਭਰਾਵੋ, ਜੇ ਮੈਂ ਹੁਣ ਤੀਕੁਰ ਸੁੰਨਤ ਦੀ ਮੁਨਾਦੀ ਕਰਦਾ ਹਾਂ, ਤਾਂ ਹੁਣ ਤੀਕ ਸਤਾਇਆ ਕਿਉਂ ਜਾਂਦਾ? ਤਦ ਸਲੀਬ ਦੀ ਠੋਕਰ** (ਯੂਨਾਨੀ *ਸਕੈਂਡਲਨ*) **ਤਾਂ ਰਹੀ ਨਾ।**

## *ਜਦੋਂ ਵਚਨ ਅਤੇ ਆਤਮਾ ਦੇ ਕੰਮ ਲਈ ਖੜ੍ਹੇ ਹੋਣਾ ਅਪ੍ਰਸਿੱਧ ਹੁੰਦਾ ਹੈ*

**ਗਲਾਤੀਆਂ 1:9,10**

**9 ਜਿੱਕੁਰ ਅਸਾਂ ਅੱਗੇ ਕਿਹਾ ਹੈ ਤਿੱਕੁਰ ਮੈਂ ਹੁਣ ਫੇਰ ਵੀ ਆਖਦਾ ਹਾਂ ਭਈ ਜੇ ਕੋਈ ਉਸ ਖੁਸ਼ਖ਼ਬਰੀ ਤੋਂ ਬਿਨ੍ਹਾਂ ਜਿਹੜੀ ਤੁਸਾਂ ਕਬੂਲ ਕੀਤੀ ਤੁਹਾਨੂੰ ਕੋਈ ਹੋਰ ਖੁਸ਼ਖਬਰੀ ਸੁਣਾਵੇ ਤਾਂ ਉਹ ਸਰਾਪਤ ਹੋਵੇ!**

**[10] ਕੀ ਮੈਂ ਹੁਣ ਮਨੁੱਖਾਂ ਨੂੰ ਮਨਾਉਂਦਾ ਹਾਂ ਜਾਂ ਪਰਮੇਸ਼ੁਰ ਨੂੰ? ਅਥਵਾ ਕੀ ਮੈਂ ਮਨੁੱਖਾਂ ਨੂੰ ਰਿਝਾਉਣਾ ਚਾਹੁੰਦਾ ਹਾਂ? ਜੇ ਮੈਂ ਅਜੇ ਤੋੜੀ ਮਨੁੱਖਾਂ ਨੂੰ ਰਿਝਾਉਂਦਾ ਰਹਿੰਦਾ ਤਾਂ ਮੈਂ ਮਸੀਹ ਦਾ ਦਾਸ ਨਾ ਹੁੰਦਾ।**

ਪ੍ਰਸਿੱਧ ਰਾਏ ਜਾਂ ਵਿਚਾਰ ਦਾ ਤਰੀਕਾ ਰੋਮੀਆਂ 1 ਵਿੱਚ ਵਰਣਨ ਕੀਤਾ ਗਿਆ ਜਾਪਦਾ ਹੈ।

ਲੋਕ

- *"ਸੱਚਿਆਈ ਨੂੰ ਕੁਧਰਮ ਨਾਲ ਦਬਾਈ ਰੱਖਦੇ ਹਨ"* (ਰੋਮੀਆਂ 1:18)।
- *"ਸੋਚਾਂ ਵਿੱਚ ਨਿਕੰਮੇ ਬਣ ਗਏ"* (ਰੋਮੀਆਂ 1:21)।
- *"ਓਹਨਾਂ ਦੇ ਬੁੱਧਹੀਣ ਮਨ ਅਨ੍ਹੇਰੇ ਹੋ ਗਏ"* ਸਨ (ਰੋਮੀਆਂ 1:21)।
- *"ਆਪ ਨੂੰ ਬੁੱਧੀਵਾਨ ਮੰਨ ਕੇ ਮੂਰਖ ਬਣ ਗਏ"* (ਰੋਮੀਆਂ 1:22)।
- *"ਪਰਮੇਸ਼ੁਰ ਦੀ ਸੱਚਿਆਈ ਨੂੰ ਝੂਠ ਨਾਲ ਵਟਾ ਦਿੱਤਾ"* (ਰੋਮੀਆਂ 1:25)।
- *"ਪਰਮੇਸ਼ੁਰ ਨੂੰ ਆਪਣੀ ਪਛਾਣ ਵਿੱਚ ਰੱਖਣਾ ਉਨ੍ਹਾਂ ਨੂੰ ਚੰਗਾ ਨਾ ਲੱਗਾ"* (ਰੋਮੀਆਂ 1:28)।
- *"ਉਨ੍ਹਾਂ ਨੂੰ ਮੰਦੀ ਬੁੱਧ ਦੇ ਵੱਸ ਕਰ ਦਿੱਤਾ ਭਈ ਨਖਿੱਧ ਕੰਮ ਕਰਨ"* (ਰੋਮੀਆਂ 1:28)।
- *ਇਹੋ ਜਿਹੇ ਕੰਮ ਕਰਦੇ ਹਨ ਜੋ "ਮਰਨ ਦੇ ਜੋਗ ਹਨ"* (ਰੋਮੀਆਂ 1:32)।
- *"ਮੌਤ ਦੇ ਜੋਗ" ਕੰਮ ਕਰਨ ਵਾਲਿਆਂ ਤੋਂ ਪਰਸੰਨ ਹੁੰਦੇ ਹਨ* (ਰੋਮੀਆਂ 1:32)।

ਅੱਜ, ਜਦੋਂ ਅਸੀਂ ਵਿਆਹ, ਯੌਨ ਕਿਰਿਆ, ਪਰਿਵਾਰ, ਪਤੀ ਜਾਂ ਪਤਨੀ ਦੀ ਭੂਮਿਕਾ, ਮਾਤਾ-ਪਿਤਾ ਦੇ ਆਦਰ, ਨਾਗਰਿਕ ਅਧਿਕਾਰੀ ਦੇ ਆਦਰ, ਪਰਮੇਸ਼ੁਰ ਦੁਆਰਾ ਨਿਯੁਕਤ ਆਗੂਪੁਣੇ ਦੇ ਅਧੀਨ ਹੋਣ ਅਤੇ ਇਸ ਤਰ੍ਹਾਂ ਦੇ ਹੋਰਾਂ ਬਾਰੇ ਪਰਮੇਸ਼ੁਰ ਨੇ ਜੋ ਕਿਹਾ ਹੈ, ਉਸ ਲਈ ਖੜ੍ਹੇ ਹੁੰਦੇ ਹਾਂ, ਤਾਂ ਸੰਸਾਰ ਸਾਡਾ ਮਜ਼ਾਕ ਉਡਾਉਂਦਾ ਹੈ। ਉਹ ਇਸ ਨੂੰ ਅਸਹਿਣਸ਼ੀਲ, ਕੱਟੜਪੰਥੀ ਅਤੇ ਨਫ਼ਰਤ ਦਾ ਨਾਮ ਦਿੰਦੇ ਹਨ। ਵਿਸ਼ਵਾਸੀ ਨੂੰ ਕੀ ਕਰਨਾ ਚਾਹੀਦਾ ਹੈ? ਕਲੀਸਿਆ ਨੂੰ ਕਿਵੇਂ ਪ੍ਰਤੀਕਿਰਿਆ ਕਰਨੀ ਚਾਹੀਦੀ ਹੈ? ਮਸੀਹੀ ਆਗੂਆਂ ਨੂੰ ਕਿਵੇਂ ਪ੍ਰਤੀਕਿਰਿਆ ਕਰਨੀ ਚਾਹੀਦੀ ਹੈ? ਕਲੀਸਿਆ ਕੋਲ ਸਿਰਫ਼ ਇੱਕੋ ਬਦਲ ਹੈ। ਜਿਵੇਂ ਕਿ ਪੌਲੁਸ ਨੇ ਸਿਖਾਇਆ, *"ਅਕਾਲ ਪੁਰਖ ਦੀ ਕਲੀਸਿਆ ਅਤੇ ਸੱਚਿਆਈ ਦਾ ਥੰਮ੍ਹ ਅਤੇ ਨੀਂਹ"* (1 ਤਿਮੋਥਿਉਸ 3:15)। ਕਲੀਸਿਆ ਨੂੰ ਸਮਾਜ ਵਿੱਚ ਸੱਚਿਆਈ ਦਾ ਧਾਰਕ ਅਤੇ ਪਾਲਣਹਾਰ ਕਿਹਾ ਜਾਂਦਾ ਹੈ। ਅਸੀਂ ਠੋਕਰ ਤੋਂ ਬਚਣ ਅਤੇ ਮਨੁੱਖਾਂ ਨੂੰ ਖੁਸ਼ ਕਰਨ ਲਈ ਪਰਮੇਸ਼ੁਰ ਦੀ ਸੱਚਿਆਈ ਨਾਲ ਸਮਝੌਤਾ ਨਹੀਂ ਕਰ ਸਕਦੇ। ਸਾਨੂੰ ਸੱਚਿਆਈ ਨਾਲ ਸਮਝੌਤਾ ਕੀਤੇ ਬਿਨ੍ਹਾਂ ਪ੍ਰੇਮ

ਨਾਲ ਸੱਚ ਬੋਲਣਾ ਚਾਹੀਦਾ ਹੈ। ਅਸੀਂ ਲੋਕਾਂ ਨੂੰ ਜਿਵੇਂ ਦੇ ਉਹ ਹਨ ਉਸੇ ਤਰ੍ਹਾਂ ਪਿਆਰ ਕਰਦੇ ਹਾਂ, ਪਰ ਨਾਲ ਹੀ ਪਰਮੇਸ਼ੁਰ ਦੀ ਸੱਚਿਆਈ ਨੂੰ ਵੀ ਪੇਸ਼ ਕਰਦੇ ਹਾਂ ਜਿਸ ਵਿੱਚ ਬਦਲਣ ਦੀ ਸ਼ਕਤੀ ਹੈ। ਕੁਝ ਲੋਕਾਂ ਨੂੰ ਪਰਮੇਸ਼ੁਰ ਦੇ ਵਚਨ ਦੀ ਸੱਚਿਆਈ ਅਤੇ ਉਸ ਦਾ ਆਤਮਾ ਦਾ ਕੰਮ ਠੋਕਰ ਖੁਆਉਣ ਵਾਲਾ ਅਤੇ ਬਦਲਾ ਲੈਣ ਵਾਲਾ ਲੱਗ ਸਕਦਾ ਹੈ। ਸਾਡੇ ਕੋਲ ਪਰਮੇਸ਼ੁਰ ਦੇ ਵਚਨ ਦਾ ਸਾਥ ਦੇਣ ਅਤੇ ਆਪਣਾ ਪੱਖ ਲੈਣ ਤੋਂ ਇਲਾਵਾ ਕੋਈ ਚਾਰਾ ਨਹੀਂ ਹੈ।

## ਹੋਰ ਵੀ ਕਈ ਮੌਕੇ

ਠੋਕਰਾਂ ਲੱਗਣਗੀਆਂ। ਵਿਸ਼ਵਾਸੀ ਹੋਣ ਦੇ ਨਾਤੇ, ਸਾਡੇ ਕੋਲ ਠੋਕਰ ਲੱਗਣ ਦੇ ਕਈ ਮੌਕੇ ਹੋਣਗੇ। ਅਸੀਂ ਇਸ ਅਧਿਆਇ ਵਿੱਚ ਕੁਝ ਦੀ ਰੂਪ ਰੇਖਾ ਦਿੱਤੀ ਹੈ। ਅਸਲ ਮੁੱਦਾ ਇਹ ਹੈ ਕਿ ਜਦੋਂ ਠੋਕਰਾਂ ਲੱਗਦੀਆਂ ਹਨ ਤਾਂ ਅਸੀਂ ਉਨ੍ਹਾਂ ਨਾਲ ਕਿਵੇਂ ਨਜਿੱਠਦੇ ਹਾਂ। **ਯਾਦ ਰੱਖੋ, ਠੋਕਰ ਲੱਗਣ ਦਾ ਹਰ ਮੌਕਾ ਦੁਸ਼ਮਣ ਦੇ ਜਾਲ ਜਾਂ ਫੰਦੇ ਵਿੱਚ ਫਸਣ ਅਤੇ ਦੁਸ਼ਮਣ ਦੁਆਰਾ ਸਾਡੇ ਕੋਲੋਂ ਗ਼ਲਤੀ ਕਰਵਾਉਣ ਦਾ ਮੌਕਾ ਹੁੰਦਾ ਹੈ।** ਸਾਨੂੰ ਦ੍ਰਿੜ੍ਹ ਹੋਣਾ ਚਾਹੀਦਾ ਹੈ ਕਿ ਕਿਸੇ ਵੀ ਸਥਿਤੀ ਵਿੱਚ, ਕਿਸੇ ਵੀ ਹਾਲਤ ਵਿੱਚ, ਅਸੀਂ ਆਪਣੇ ਜੀਵਨਾਂ ਵਿੱਚ ਠੋਕਰ ਨੂੰ ਥਾਂ ਨਹੀਂ ਦੇਵਾਂਗੇ।

## ਸੋਚ-ਵਿਚਾਰ

1) ਕੀ ਤੁਸੀਂ ਇਸ ਅਧਿਆਇ ਵਿੱਚ ਚਰਚਾ ਕੀਤੀਆਂ ਗਈਆਂ ਠੋਕਰਾਂ ਵਿੱਚੋਂ ਕਿਸੇ ਵੀ ਕਿਸਮ ਦੀ ਠੋਕਰ ਦਾ ਸਾਹਮਣਾ ਕੀਤਾ ਹੈ? ਸੋਚ-ਵਿਚਾਰ ਕਰੋ। ਤੁਸੀਂ ਹੇਠਾਂ ਸੂਚੀਬੱਧ ਵੱਖ-ਵੱਖ ਸਥਿਤੀਆਂ ਵਿੱਚ ਚੀਜ਼ਾਂ ਨੂੰ ਕਿਵੇਂ ਸੰਭਾਲਿਆ?

- ਠੋਕਰਾਂ ਜੋ ਸੰਸਾਰ ਵੱਲੋਂ ਲੱਗਦੀਆਂ ਹਨ
- ਠੋਕਰਾਂ ਜੋ ਅਣਜਾਣੇ ਵਿੱਚ ਲੱਗਦੀਆਂ ਹਨ
- ਠੋਕਰਾਂ ਜੋ ਇਖ਼ਤਿਆਰ ਰੱਖਣ ਵਾਲੇ ਲੋਕਾਂ ਵੱਲੋਂ ਲੱਗਦੀਆਂ ਹਨ
- ਪਰਮੇਸ਼ੁਰ ਤੋਂ ਠੋਕਰ ਖਾਧੇ ਹੋਏ
- ਯਿਸੂ ਮਸੀਹ ਦੇ ਕਾਰਨ ਠੋਕਰ ਖਾਧੇ ਹੋਏ
- ਵਚਨ ਅਤੇ ਆਤਮਾ ਦੇ ਕਾਰਨ ਠੋਕਰ ਖਾਧੇ ਹੋਏ

# 3
# ਚੋਣ ਤੁਹਾਡੀ ਹੈ

## ਠੋਕਰ ਦੀ ਰੇਖਾ ਤੋਂ ਉੱਪਰ ਜੀਵਨ ਜੀਓ

**ਕਹਾਉਤਾਂ 4:23**

**ਆਪਣੇ ਮਨ ਦੀ ਵੱਡੀ ਚੌਕਸੀ ਕਰ, ਕਿਉਂ ਜੋ ਜੀਉਣ ਦੀਆਂ ਧਾਰਾਂ ਉਸੇ ਤੋਂ ਨਿੱਕਲਦੀਆਂ ਹਨ!**

**ਮੱਤੀ 12:35**

**ਭਲਾ ਮਨੁੱਖ ਭਲੇ ਖ਼ਜ਼ਾਨੇ ਵਿੱਚੋਂ ਭਲੀਆਂ ਗੱਲਾਂ ਕੱਢਦਾ ਹੈ ਅਤੇ ਬੁਰਾ ਮਨੁੱਖ ਬੁਰੇ ਖ਼ਜ਼ਾਨੇ ਵਿੱਚੋਂ ਬੁਰੀਆਂ ਗੱਲਾਂ ਕੱਢਦਾ ਹੈ।**

ਸਾਨੂੰ ਆਪਣੇ ਮਨਾਂ, ਆਪਣੇ ਅੰਦਰਲੇ ਇਨਸਾਨ ਦੀ ਚੌਕਸੀ ਕਰਨੀ ਚਾਹੀਦੀ ਹੈ, ਕਿਉਂਕਿ ਸਾਡੇ ਮਨਾਂ ਵਿੱਚੋਂ ਉਹ ਸ਼ਕਤੀਆਂ ਨਿੱਕਲਦੀਆਂ ਹਨ ਜੋ ਸਾਡੇ ਜੀਵਨਾਂ ਨੂੰ ਆਕਾਰ ਦਿੰਦੀਆਂ ਹਨ।

ਜੋ ਸਾਡੇ ਮਨਾਂ ਵਿੱਚ ਹੈ ਉਹ ਸਾਡੇ ਜੀਵਨਾਂ ਵਿੱਚ ਸਾਹਮਣੇ ਆਵੇਗਾ।

ਜੇ ਅਸੀਂ ਆਪਣੇ ਜੀਵਨਾਂ ਵਿੱਚ ਜੋ ਕੁਝ ਹੋ ਰਿਹਾ ਹੈ ਉਸ ਨੂੰ ਬਦਲਣਾ ਚਾਹੁੰਦੇ ਹਾਂ, ਤਾਂ ਸਾਨੂੰ ਆਪਣੇ ਮਨਾਂ ਵਿੱਚ ਜੋ ਜਮ੍ਹਾਂ ਹੁੰਦਾ ਹੈ ਉਸ ਨੂੰ ਬਦਲਣਾ ਪਵੇਗਾ।

ਜਿਵੇਂ ਕਿ ਅਸੀਂ ਵੇਖਿਆ ਹੈ, ਠੋਕਰ ਫਸਣ ਜਾਂ ਗ਼ਲਤੀ ਕਰਨ ਦਾ ਇੱਕ ਮੌਕਾ ਹੈ। ਇਹ ਸਾਨੂੰ ਪਾਪ ਅਤੇ ਗ਼ਲਤੀ ਵਿੱਚ ਭਟਕਣ ਦਾ ਕਾਰਨ ਬਣਦਾ ਹੈ। ਹਰ ਤਰ੍ਹਾਂ ਦੇ ਹਾਲਾਤ ਵਿੱਚ ਹਰ ਤਰ੍ਹਾਂ ਦੇ ਲੋਕਾਂ ਦੁਆਰਾ ਸਾਨੂੰ ਠੋਕਰਾਂ ਲੱਗਣਗੀਆਂ। ਪਰ, ਠੋਕਰ ਖਾਣ ਜਾਂ ਨਾ ਖਾਣ ਦੀ ਚੋਣ ਸਾਡੀ ਹੈ। ਜਦੋਂ ਕੋਈ ਠੋਕਰ ਸਾਡੇ ਰਾਹ ਵਿੱਚ ਆਉਂਦੀ ਹੈ ਤਾਂ ਅਸੀਂ ਠੋਕਰ ਨਾ ਖਾਣ ਦੀ ਚੋਣ ਕਰ ਸਕਦੇ ਹਾਂ ਜਾਂ ਅਸੀਂ ਠੋਕਰ ਖਾਣ ਦੀ ਚੋਣ ਕਰ ਸਕਦੇ ਹਾਂ।

ਤੁਸੀਂ ਉਸ ਪਲ ਚੋਣ ਕਰ ਸਕਦੇ ਹੋ ਜਦੋਂ ਤੁਸੀਂ ਠੋਕਰ ਦਾ ਸਾਹਮਣਾ ਕਰਦੇ ਹੋ —ਕੁਝ ਅਜਿਹਾ ਜੋ ਕਿਸੇ ਨੇ ਕਿਹਾ ਜਾਂ ਕੀਤਾ ਜਿਸ ਨਾਲ ਤੁਹਾਨੂੰ ਠੇਸ ਪਹੁੰਚੀ, ਤੁਸੀਂ ਬੇਇੱਜ਼ਤ ਹੋਏ ਜਾਂ ਗੁੱਸਾ ਹੋਏ। ਤੁਸੀਂ ਪੂਰੀ ਲਗਨ ਨਾਲ ਆਪਣੇ ਮਨ ਦੀ ਚੌਕਸੀ ਕਰਨ ਦੀ ਚੋਣ ਕਰ ਸਕਦੇ ਹੋ ਅਤੇ ਇਸ ਠੋਕਰ ਨੂੰ ਕੋਈ ਥਾਂ ਨਹੀਂ ਦੇ ਸਕਦੇ ਹੋ। ਤੁਸੀਂ ਆਪਣੇ ਮਨ ਵਿੱਚ ਇਸ ਠੋਕਰ ਨਾਲ ਜੋ ਜਮ੍ਹਾਂ ਹੋਇਆ ਹੈ ਉਸ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਨ ਦੀ ਚੋਣ ਕਰ ਸਕਦੇ ਹੋ। ਤੁਸੀਂ ਜਾਣਦੇ ਹੋ ਕਿ ਤੁਹਾਡੇ ਮਨ ਵਿੱਚ

ਜੋ ਕੁਝ ਮਾੜਾ ਜਮ੍ਹਾਂ ਹੋਇਆ ਹੈ ਉਸ ਦੇ ਨਤੀਜੇ ਵਜੋਂ ਤੁਹਾਡੇ ਜੀਵਨ ਵਿੱਚ ਬੁਰੀਆਂ ਚੀਜ਼ਾਂ ਜ਼ਾਰੀ ਹੋਣਗੀਆਂ।

ਜਦੋਂ ਤੁਹਾਡੇ ਸਾਹਮਣੇ ਕੋਈ ਠੋਕਰ ਪੇਸ਼ ਕੀਤੀ ਜਾਂਦੀ ਹੈ, ਤਾਂ ਤੁਸੀਂ ਇਸ ਤੋਂ ਉੱਪਰ ਜੀਵਨ ਜੀਉਣ ਦੀ ਚੋਣ ਕਰ ਸਕਦੇ ਹੋ। ਠੋਕਰ ਦੀ ਰੇਖਾ ਤੋਂ ਉੱਪਰ ਜੀਵਨ ਜੀਉਣ ਦੀ ਚੋਣ ਕਰੋ। ਇਸ ਨੂੰ ਪ੍ਰਾਪਤ ਕਰਨ ਲਈ ਹੇਠਾਂ ਨਾ ਝੁਕੋ। ਪਿਆਰ ਦੇ ਉੱਚੇ ਪੱਧਰ 'ਤੇ ਜੀਓ (ਇਸ ਬਾਰੇ ਅਗਲੇ ਅਧਿਆਇ ਵਿੱਚ ਚਰਚਾ ਕਰਾਂਗੇ)।

ਪੌਲੁਸ ਰਸੂਲ ਨੇ ਜੋ ਕਿਹਾ ਉਸ 'ਤੇ ਗੌਰ ਕਰੋ,

**ਰਸੂਲਾਂ ਦੇ ਕਰਤੱਬ 24:16**

**ਮੈਂ *ਆਪ* ਵੀ, ਇਸ ਵਿੱਚ ਯਤਨ ਕਰਦਾ ਹਾਂ ਜੋ ਪਰਮੇਸ਼ੁਰ ਅਤੇ ਮਨੁੱਖਾਂ ਦੇ ਸਾਹਮਣੇ ਕਦੇ ਮੇਰਾ ਮਨ ਮੈਨੂੰ ਦੋਸ਼ੀ ਨਾ ਕਰੇ।**

ਪੌਲੁਸ ਨੇ ਪਰਮੇਸ਼ੁਰ ਅਤੇ ਮਨੁੱਖਾਂ ਸਾਹਮਣੇ ਆਪਣੇ ਮਨ ਨੂੰ ਠੋਕਰ ਤੋਂ ਮੁਕਤ ਰੱਖਣ ਦਾ ਪੂਰਾ ਯਤਨ ਕੀਤਾ।

ਸ਼ਬਦ "ਯਤਨ ਕਰਦਾ ਹਾਂ" ਜੋ ਯੂਨਾਨੀ ਵਿੱਚ *'ਆਸਕੀਓ'* ਹੈ ਦਾ ਅਰਥ ਹੈ "ਸਿਖਲਾਈ, ਕਸਰਤ, ਤਣਾਅ, ਦਰਦ ਅਤੇ ਪੀੜ ਲੈਣਾ।"

ਇੱਥੇ ਸ਼ਬਦ "ਦੋਸ਼ੀ" ਲਈ ਪੌਲੁਸ ਯੂਨਾਨੀ ਸ਼ਬਦ *'ਐਪ੍ਰੋਸਕੋਪੋਸ'* ਦੀ ਵਰਤੋਂ ਕਰਦਾ ਹੈ, ਜੋ ਕਿ *'ਸਕੈਂਡਲਨ'* ਸ਼ਬਦ ਤੋਂ ਵੱਖਰਾ ਹੈ, ਜੋ ਅਸੀਂ ਪਹਿਲਾਂ ਵੇਖਿਆ ਹੈ। ਦੋਸ਼ੀ, *'ਐਪ੍ਰੋਸਕੋਪੋਸ,'* ਦਾ ਤਿੰਨ ਤਰ੍ਹਾਂ ਦਾ ਅਰਥ ਹੈ।

1) ਠੋਕਰ ਦਾ ਕਾਰਨ ਨਾ ਬਣਨਾ, ਭਾਵ ਦੂਜਿਆਂ ਨੂੰ ਪਾਪ ਵਿੱਚ ਜਾਣ ਦਾ ਕਾਰਨ ਨਾ ਬਣਨਾ।
2) ਠੋਕਰ ਨਾ ਲੱਗਣੀ, ਭਾਵ ਪਾਪ ਵਿੱਚ ਨਾ ਡਿੱਗਣਾ, ਨਿਰਦੋਸ਼ ਹੋਣਾ।
3) ਪਾਪ ਦੇ ਪ੍ਰਤੀ ਕੋਈ ਚੇਤਨਾ ਨਹੀਂ, ਪਾਪ ਤੋਂ ਸਾਫ਼ ਇੱਕ ਦਿਲ।

ਇਸ ਲਈ, ਪੌਲੁਸ ਆਪਣੇ ਮਨ ਨੂੰ ਪਾਪ ਅਤੇ ਗਲਤ ਕੰਮਾਂ ਤੋਂ ਦੂਰ ਰੱਖਣ ਦਾ ਪੂਰਾ ਯਤਨ ਕਰ ਰਿਹਾ ਸੀ। ਉਸ ਨੇ ਕਿਸੇ ਵੀ ਰੂਪ ਵਿੱਚ ਪਾਪ ਕਰਨ ਦੀ ਇਜਾਜ਼ਤ ਨਹੀਂ ਦਿੱਤੀ—ਪਾਪ ਕਰਨਾ, ਦੂਜਿਆਂ ਨੂੰ ਪਾਪ ਕਰਨ ਲਈ ਜਾਂ ਇੱਥੋਂ ਤੱਕ ਕਿ ਪਾਪ ਦੀ ਚੇਤਨਾ ਦੇ ਅਧੀਨ ਰਹਿਣਾ—ਉਸ ਦੇ ਅੰਦਰਲੇ ਇਨਸਾਨ ਵਿੱਚ ਦਾਖ਼ਿਲ ਹੋਣਾ। ਉਸ ਨੇ ਆਪਣੇ ਮਨ (ਅਤੇ ਇਸ ਤਰ੍ਹਾਂ ਆਪਣੇ ਅੰਤਹਕਰਨ) ਨੂੰ ਸਾਫ਼ ਅਤੇ ਸ਼ੁੱਧ ਰੱਖਣ ਦੀ ਚੋਣ ਕੀਤੀ।

ਅਸੀਂ ਠੋਕਰ ਤੋਂ ਉੱਪਰ ਜੀਵਨ ਜੀਉਣ ਦੀ ਚੋਣ ਕਰ ਸਕਦੇ ਹਾਂ ਅਤੇ ਆਪਣੇ ਮਨਾਂ ਨੂੰ ਪਰਮੇਸ਼ੁਰ ਅਤੇ ਮਨੁੱਖਾਂ ਸਾਹਮਣੇ ਸਾਫ਼ ਅਤੇ ਸ਼ੁੱਧ ਰੱਖ ਸਕਦੇ ਹਾਂ। ਇਹ ਅਸਾਨ ਨਹੀਂ ਹੋਵੇਗਾ। ਸਾਨੂੰ ਆਪਣੇ ਆਪ ਨੂੰ ਸਿਖਲਾਈ ਦੇਣੀ ਪਵੇਗੀ, ਖ਼ੁਦ ਅਭਿਆਸ ਕਰਨਾ ਪਵੇਗਾ ਅਤੇ ਅਜਿਹਾ ਕਰਨ ਦਾ ਯਤਨ ਕਰਨਾ ਪਵੇਗਾ। ਪਰ ਇਹ ਕਰਨਾ ਲਾਇਕ ਹੈ। ਇਸ ਤਰ੍ਹਾਂ ਅਸੀਂ ਠੋਕਰ ਦੀ ਰੇਖਾ ਤੋਂ ਉੱਪਰ ਜੀਵਨ ਜੀਉਂਦੇ ਹਾਂ।

ਆਓ ਅਸੀਂ ਮਨ ਦੀਆਂ ਕੁਝ ਮਹੱਤਵਪੂਰਣ ਚੋਣਾਂ ਬਾਰੇ ਚਰਚਾ ਕਰੀਏ ਜੋ ਸਾਨੂੰ ਕਿਸੇ ਠੋਕਰ ਦਾ ਸਾਹਮਣਾ ਕਰਨ ਵੇਲੇ ਕਰਨੀਆਂ ਚਾਹੀਦੀਆਂ ਹਨ।

## ਇਸ ਨੂੰ ਛੱਡ ਦੇਣ ਦਾ ਗੁਣ

**ਉਤਪਤ 50:15-21**

**15 ਜਾਂ ਯੂਸੁਫ਼ ਦੇ ਭਰਾਵਾਂ ਨੇ ਵੇਖਿਆ ਕਿ ਸਾਡਾ ਪਿਤਾ ਮਰ ਗਿਆ ਹੈ, ਤਾਂ ਉਨ੍ਹਾਂ ਨੇ ਆਖਿਆ ਕਿ "ਸ਼ਾਇਤ ਯੂਸੁਫ਼ ਸਾਡੇ ਨਾਲ ਵੈਰ ਕਰੇਗਾ ਅਤੇ ਉਹ ਸਾਥੋਂ ਸਾਡੀ ਬੁਰਿਆਈ ਦਾ ਬਦਲਾ ਜਿਹੜੀ ਅਸਾਂ ਉਹ ਦੇ ਨਾਲ ਕੀਤੀ ਹੈ ਜ਼ਰੂਰ ਲਵੇਗਾ।"**

**16 ਤਾਂ ਉਨ੍ਹਾਂ ਨੇ ਯੂਸੁਫ਼ ਨੂੰ ਐਉਂ ਆਖ ਘੱਲਿਆ "ਭਈ ਤੁਹਾਡੇ ਪਿਤਾ ਨੇ ਆਪਣੀ ਮੌਤ ਤੋਂ ਪਹਿਲਾਂ ਏਹ ਆਗਿਆ ਦਿੱਤੀ ਸੀ**

**17 'ਭਈ ਤੁਸੀਂ ਯੂਸੁਫ਼ ਨੂੰ ਐਉਂ' ਆਖਣਾ ਕਿ "ਦਯਾ ਕਰ ਕੇ ਆਪਣੇ ਭਰਾਵਾਂ ਦੇ ਅਪਰਾਧ ਅਤੇ ਉਨ੍ਹਾਂ ਦੇ ਪਾਪ ਮਾਫ਼ ਕਰ ਦੇ ਕਿਉਂ ਜੋ ਉਨ੍ਹਾਂ ਨੇ ਤੁਹਾਡੇ ਨਾਲ ਬੁਰਿਆਈ ਕੀਤੀ।" "ਸੋ, ਹੁਣ ਤੁਸੀਂ ਆਪਣੇ ਪਿਤਾ ਦੇ ਪਰਮੇਸ਼ੁਰ ਦੇ ਦਾਸਾਂ ਦੇ ਅਪਰਾਧ ਮਾਫ਼ ਕਰ ਦਿਓ।" ਤਾਂ ਯੂਸੁਫ਼ ਉਨ੍ਹਾਂ ਦੀਆਂ ਗੱਲਾਂ ਉੱਤੇ ਰੋ ਪਿਆ।**

**18 ਤਾਂ ਉਸ ਦੇ ਭਰਾ ਵੀ ਉਸ ਦੇ ਅੱਗੇ ਜਾ ਕੇ ਡਿੱਗ ਪਵੇ ਅਤੇ ਉਨ੍ਹਾਂ ਨੇ ਆਖਿਆ, "ਵੇਖੋ, ਅਸੀਂ ਤੁਹਾਡੇ ਦਾਸ ਹਾਂ।"**

**19 ਪਰ ਯੂਸੁਫ਼ ਨੇ ਉਨ੍ਹਾਂ ਨੂੰ ਆਖਿਆ, "ਨਾ ਡਰੋ। ਭਲਾ, ਮੈਂ ਪਰਮੇਸ਼ੁਰ ਦੇ ਥਾਂ ਹਾਂ?**

**20 ਤੁਸੀਂ ਤਾਂ ਮੇਰੇ ਵਿਰੁੱਧ ਬੁਰਿਆਈ ਦਾ ਦਾਈਆ ਕੀਤਾ ਪਰ ਪਰਮੇਸ਼ੁਰ ਨੇ ਉਸ ਨੂੰ ਭਲਿਆਈ ਦਾ ਦਾਈਆ ਬਣਾਇਆ ਤਾਂ ਜੋ ਬਹੁਤ ਸਾਰੇ ਲੋਕਾਂ ਨੂੰ ਜੀਉਂਦਾ ਰੱਖੇ ਜਿਵੇਂ ਏਸ ਵੇਲੇ ਹੋਇਆ ਹੈ।**

**21 ਹੁਣ ਤੁਸੀਂ ਨਾ ਡਰੋ। ਮੈਂ ਤੁਹਾਡੀ ਅਤੇ ਤੁਹਾਡੇ ਨੀਂਗਰਾਂ ਦੀ ਪਾਲਣਾ ਕਰਾਂਗਾ।" ਸੋ ਉਸ ਨੇ ਉਨ੍ਹਾਂ ਨੂੰ ਧੀਰਜ ਦਿੱਤੀ ਅਤੇ ਉਨ੍ਹਾਂ ਨੇ ਦਿਲਾਸਾ ਪਾਇਆ।**

ਯੂਸੁਫ਼ ਨੂੰ ਆਪਣੇ ਭਰਾਵਾਂ ਤੋਂ ਬਦਲਾ ਲੈਣ ਦਾ ਕਿੰਨਾ ਵਧੀਆ ਮੌਕਾ ਮਿਲਿਆ ਸੀ ਜਿਨ੍ਹਾਂ ਨੇ ਉਸ ਨਾਲ ਬਹੁਤ ਜ਼ੁਲਮ ਕੀਤਾ ਸੀ। ਭਰਾ ਸਭ ਤੋਂ ਬੁਰੇ ਦੀ ਉਮੀਦ ਕਰ ਰਹੇ ਸਨ ਅਤੇ ਫਿਰ ਵੀ, ਜਿਵੇਂ ਕਿ ਅਸੀਂ ਵੇਖਦੇ ਹਾਂ, ਯੂਸੁਫ਼ ਦੇ ਦਿਲ ਵਿੱਚ ਉਸ ਦੇ ਭਰਾਵਾਂ ਪ੍ਰਤੀ ਜੋ ਉਨ੍ਹਾਂ ਉਸ ਦੇ ਨਾਲ ਕੀਤਾ ਸੀ, ਕੋਈ ਬੁਰਾਈ, ਨਫ਼ਰਤ ਜਾਂ ਕੁੜੱਤਣ ਦਾ ਕੋਈ ਨਿਸ਼ਾਨ ਨਹੀਂ ਸੀ। ਉਸ ਨੇ ਬਹੁਤ ਸਮਾਂ ਪਹਿਲਾਂ ਚੀਜ਼ਾਂ ਨੂੰ ਛੱਡ ਦਿੱਤਾ ਸੀ।

ਉਸ ਨੇ ਚੀਜ਼ਾਂ ਨੂੰ ਵੱਡੇ, ਵਿਸ਼ਾਲ ਅਤੇ ਸ਼ਾਨਦਾਰ ਦ੍ਰਿਸ਼ਟੀਕੋਣ ਤੋਂ ਵੇਖਿਆ। ਉਸ ਨੇ ਉਹ ਵੇਖਿਆ ਜੋ ਪਰਮੇਸ਼ੁਰ ਨੇ ਵੇਖਿਆ। ਯੂਸੁਫ਼ ਵਾਂਗ, ਸਾਨੂੰ ਜਾਣਬੁੱਝ ਕੇ ਉਸ ਚੀਜ਼ ਨੂੰ ਜਾਣ ਦੇਣ ਦੀ ਚੋਣ ਕਰਨੀ ਚਾਹੀਦੀ ਜਿਸ ਤੋਂ ਸਾਨੂੰ ਠੋਕਰ ਲੱਗੀ ਹੈ। ਉਸ ਵਿਅਕਤੀ ਨੂੰ ਜਾਣ ਦਿਓ ਜਿਸ ਦੁਆਰਾ ਠੋਕਰ ਲੱਗੀ ਹੈ। ਜੋ ਕਿਹਾ ਅਤੇ ਕੀਤਾ ਗਿਆ ਸੀ, ਉਸ ਨੂੰ ਛੱਡ ਦਿਓ।

ਚੀਜ਼ਾਂ ਨੂੰ ਪਰਮੇਸ਼ੁਰ ਦੇ ਨਜ਼ਰੀਏ ਤੋਂ ਵੇਖੋ। ਭਾਵੇਂ ਤੁਹਾਡੇ ਕੋਲ ਸਵਾਲਾਂ ਦੇ ਸਾਰੇ ਜਵਾਬ ਨਹੀਂ ਹਨ, "ਉਨ੍ਹਾਂ ਨੇ ਮੇਰੇ ਨਾਲ ਅਜਿਹਾ ਕਿਉਂ ਕੀਤਾ?" "ਇਹ ਸਭ ਕਿੱਧਰ ਨੂੰ ਲੈ ਜਾਵੇਗਾ?" "ਉਨ੍ਹਾਂ ਨੂੰ ਕਦੋਂ ਪਤਾ ਲੱਗੇਗਾ ਕਿ ਉਨ੍ਹਾਂ ਨੇ ਮੇਰੇ ਨਾਲ ਕਿਵੇਂ ਗਲਤ ਕੀਤਾ ਹੈ?" ਬਸ ਇਸ ਨੂੰ ਜਾਣ ਦੇਣਾ ਚੁਣੋ। ਵਿਸ਼ਵਾਸ ਕਰੋ ਕਿ ਪਰਮੇਸ਼ੁਰ ਇਸ ਸਭ ਦੇ ਦੁਆਰਾ ਕੁਝ ਚੰਗਾ ਅਤੇ ਵੱਡਾ ਕੰਮ ਕਰੇਗਾ ਅਤੇ ਤੁਸੀਂ ਇਸ ਠੋਕਰ ਨੂੰ ਆਪਣੇ ਮਨ ਵਿੱਚ ਨਹੀਂ ਆਉਣ ਦੇਵੋਗੇ। ਤੁਹਾਡੀ ਤਰਜੀਹ ਤੁਹਾਡੇ ਦਿਲ ਦੀ ਚੌਕਸੀ ਕਰਨਾ ਹੈ ਅਤੇ ਇਸ ਲਈ, ਤੁਸੀਂ ਇਸ ਨੂੰ ਜਾਣ ਦੇਣ ਲਈ ਜਾਣਬੁੱਝ ਕੇ ਚੋਣ ਕਰਦੇ ਹੋ। ਤੁਸੀਂ ਠੋਕਰ ਨਾ ਲੱਗਣ ਦੀ ਚੋਣ ਕਰਦੇ ਹੋ।

## ਪਰਮੇਸ਼ੁਰ ਨੂੰ ਤੁਹਾਡਾ ਬਦਲਾ ਲੈਣ ਦਿਓ

**ਰੋਮੀਆਂ 12:17–21**

**17 ਬੁਰਿਆਈ ਦੇ ਵੱਟੇ ਕਿਸੇ ਨਾਲ ਬੁਰਿਆਈ ਨਾ ਕਰੋ। ਜਿਹੜੀਆਂ ਗੱਲਾਂ ਸਾਰੇ ਮਨੁੱਖਾਂ ਦੇ ਭਾਣੇ ਚੰਗੀਆਂ ਹਨ ਓਹਨਾਂ ਦਾ ਧਿਆਨ ਰੱਖੋ।**

**18 ਜੇ ਹੋ ਸਕੇ, ਤਾਂ ਆਪਣੀ ਵਾਹ ਲੱਗਦਿਆ ਸਾਰੇ ਮਨੁੱਖਾਂ ਦੇ ਨਾਲ ਮੇਲ ਰੱਖੋ।**

**19 ਹੇ ਪਿਆਰਿਓ, ਆਪਣਾ ਬਦਲਾ ਨਾ ਲਉ ਪਰ ਕ੍ਰੋਧ ਨੂੰ ਜਾਣ ਦਿਓ ਕਿਉਂ ਜੋ ਲਿਖਿਆ ਹੋਇਆ ਹੈ ਕਿ ਪ੍ਰਭੂ ਆਖਦਾ ਹੈ ਭਈ "ਬਦਲਾ ਲੈਣਾ ਮੇਰਾ ਕੰਮ ਹੈ, ਮੈਂ ਹੀ ਵੱਟਾ ਲਾਹਵਾਂਗਾ।"**

**20 ਪਰ, "ਜੇ ਤੇਰਾ ਵੈਰੀ ਭੁੱਖਾ ਹੋਵੇ ਤਾਂ ਉਹ ਨੂੰ ਖੁਆ, ਜੇ ਤਿਹਾਇਆ ਹੋਵੇ ਤਾਂ ਉਹ ਨੂੰ ਪਿਆ ਕਿਉਂ ਜੋ ਇਹ ਕਰ ਕੇ ਤੂੰ ਉਹ ਦੇ ਸਿਰ ਉੱਤੇ ਅੱਗ ਦੇ ਅੰਗਿਆਰਾਂ ਦਾ ਢੇਰ ਲਾਵੇਂਗਾ।"**

**21 ਬੁਰਿਆਈ ਤੋਂ ਨਾ ਹਾਰ ਸਗੋਂ ਭਲਿਆਈ ਨਾਲ ਬੁਰਿਆਈ ਨੂੰ ਜਿੱਤ ਲੈ।**

ਜੇ ਅਸੀਂ ਰੋਮੀਆਂ 12:17–21 ਵਿੱਚ ਸਾਨੂੰ ਜੋ ਹਿਦਾਇਤ ਦਿੱਤੀ ਗਈ ਹੈ ਉਸ ਦੀ ਪਾਲਣਾ ਕਰਦੇ ਹਾਂ ਤਾਂ ਜਦੋਂ ਅਸੀਂ ਠੋਕਰ ਖਾਵਾਂਗੇ, ਤਾਂ ਅਸੀਂ ਇਹ ਚੀਜ਼ਾਂ ਕਰਾਂਗੇ।

- ਅਸੀਂ ਉਸ ਵਿਅਕਤੀ ਨਾਲ ਸ਼ਾਂਤੀ ਬਣਾਈ ਰੱਖਣ ਦੀ ਚੋਣ ਕਰਾਂਗੇ ਜਿਸ ਨੇ ਸਾਨੂੰ ਠੋਕਰ ਖੁਆਈ ਹੈ।
- ਅਸੀਂ ਠੋਕਰ ਖੁਆਉਣ ਵਾਲੇ ਨੂੰ ਠੋਕਰ ਖੁਆ ਕੇ ਬਦਲਾ ਨਹੀਂ ਲਵਾਂਗੇ।

- ਅਸੀਂ ਉਸ ਦਾ ਭਲਾ ਕਰਾਂਗੇ ਅਤੇ ਉਸ ਨੂੰ ਬਰਕਤ ਦਿਆਂਗੇ ਜਿਸ ਨੇ ਸਾਨੂੰ ਠੋਕਰ ਖੁਆਈ ਹੈ।

ਜਦੋਂ ਅਸੀਂ ਇਹ ਚੀਜ਼ਾਂ ਕਰਦੇ ਹਾਂ, ਤਾਂ ਅਸੀਂ ਅਸਲ ਵਿੱਚ ਰਸਤੇ ਤੋਂ ਬਾਹਰ ਨਿਕਲਦੇ ਹਾਂ ਅਤੇ ਪਰਮੇਸ਼ੁਰ ਨੂੰ ਸਾਨੂੰ ਸਹੀ ਠਹਿਰਾਉਣ ਦੀ ਇਜਾਜ਼ਤ ਦਿੰਦੇ ਹਾਂ। ਉਹ ਧਰਮੀ ਨਿਆਂਕਾਰ ਹੈ ਜੋ ਸਾਡੇ ਦਿਲਾਂ ਨੂੰ ਵੇਖਦਾ ਹੈ ਅਤੇ ਸਾਡੇ ਉਦੇਸ਼ਾਂ ਨੂੰ ਜਾਣਦਾ ਹੈ। ਜੇ ਅਸੀਂ ਚੀਜ਼ਾਂ ਨੂੰ ਉਸ ਦੇ ਹੱਥਾਂ ਵਿੱਚ ਛੱਡਣਾ ਚੁਣਦੇ ਹਾਂ ਤਾਂ ਉਹ ਸਾਡਾ ਬਦਲਾ ਆਪ ਲਵੇਗਾ।

ਅਤੇ ਠੀਕ ਇਹੀ ਉਦਾਹਰਣ ਯਿਸੂ ਨੇ ਸਾਨੂੰ ਦਿੱਤੀ ਹੈ।

**1 ਪਤਰਸ 2:23**

**ਉਹ ਗਾਲ਼ਾਂ ਖਾ ਕੇ ਗਾਲੀ ਨਾ ਦਿੰਦਾ ਸੀ ਅਤੇ ਦੁੱਖ ਪਾ ਕੇ ਦਬਕਾ ਨਾ ਦਿੰਦਾ ਸੀ ਸਗੋਂ ਆਪਣੇ *ਆਪ* ਨੂੰ ਉਹ ਦੇ ਹੱਥ ਸੌਂਪਦਾ ਸੀ ਜਿਹੜਾ ਯਥਾਰਥ ਨਿਆਉਂ ਕਰਦਾ ਹੈ।**

## ਅਹੰਕਾਰ ਨੂੰ ਆਪਣੇ ਦਿਲ ‘ਤੇ ਰਾਜ ਨਾ ਕਰਨ ਦਿਓ

ਅਸੀਂ ਆਪਣੀਆਂ ਠੋਕਰਾਂ ਨੂੰ ਇਸ ਲਈ ਫੜ੍ਹੀ ਰੱਖਦੇ ਹਾਂ ਕਿਉਂਕਿ ਸਾਡੇ ਅਹੰਕਾਰ ਨੂੰ ਠੇਸ ਪਹੁੰਚੀ ਹੈ।

**ਮੱਤੀ 11:28-30**

**28 “ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ।**

**29 ਮੇਰਾ ਜੂਲਾ ਆਪਣੇ ਉੱਤੇ ਲੈ ਲਵੋ ਅਤੇ ਮੈਥੋਂ ਸਿੱਖੋ ਕਿਉਂ ਜੋ ਮੈਂ ਕੋਮਲ ਅਤੇ ਮਨ ਦਾ ਗ਼ਰੀਬ ਹਾਂ ਅਤੇ ਤੁਸੀਂ ਆਪਣਿਆਂ ਜੀਆਂ ਵਿੱਚ ਅਰਾਮ ਪਾਓਗੇ।**

**30 ਕਿਉਂ ਜੋ ਮੇਰਾ ਜੂਲਾ ਹੌਲਾ ਅਤੇ ਮੇਰਾ ਭਾਰ ਹਲਕਾ ਹੈ।”**

ਯਿਸੂ ਨੇ ਕਿਹਾ ਕਿ ਉਹ ਕੋਮਲ, ਹਲੀਮ, ਨਿਮਰ ਅਤੇ ਦੀਨ ਮਨ ਨਾਲ ਚੱਲਿਆ। ਸਾਨੂੰ ਉਸ ਤੋਂ ਸਿੱਖਣਾ ਚਾਹੀਦਾ ਹੈ ਅਤੇ ਇਸ ਵਿੱਚ ਉਸ ਦੀ ਪਾਲਣਾ ਕਰਨੀ ਚਾਹੀਦੀ ਹੈ।

ਜਦੋਂ ਅਸੀਂ ਯਿਸੂ ਵਾਂਗ ਚੱਲਦੇ ਹਾਂ, ਨਿਮਰ ਅਤੇ ਦੀਨ ਹੋ ਕੇ, ਅਸੀਂ ਠੋਕਰ ਨਹੀਂ ਖਾ ਸਕਦੇ।

ਇਸ ਦ੍ਰਿਸ਼ਟਾਂਤ ਉੱਤੇ ਗ਼ੌਰ ਕਰੋ ਜੋ ਯਿਸੂ ਨੇ ਦਿੱਤਾ ਸੀ।

**ਲੂਕਾ 14:7–11**
**7 ਜਾਂ ਉਸ ਨੇ ਵੇਖਿਆ ਭਈ ਪਰਾਹੁਣੇ ਕਿਸ ਤਰ੍ਹਾਂ ਉੱਚੀਆਂ ਥਾਵਾਂ ਨੂੰ ਪਸੰਦ ਕਰਦੇ ਹਨ ਤਾਂ ਉਨ੍ਹਾਂ ਨੂੰ ਇਹ ਦ੍ਰਿਸ਼ਟਾਂਤ ਦੇ ਕੇ ਕਿਹਾ**
**8 "ਕਿ ਜਾਂ ਕੋਈ ਤੈਨੂੰ ਵਿਆਹ ਵਿੱਚ ਨਿਉਤਾ ਦੇਵੇ ਤਾਂ ਉੱਚੀ ਥਾਂ ਨਾ ਬੈਠ। ਕੀ ਜਾਣੀਏ ਕਿ ਓਨ ਤੇਰੇ ਨਾਲੋਂ ਕਿਸੇ ਆਦਰ ਵਾਲੇ ਨੂੰ ਨਿਉਤਾ ਦਿੱਤਾ ਹੋਵੇ।**
**9 ਅਰ ਜਿਸ ਨੇ ਤੈਨੂੰ ਅਤੇ ਉਸ ਨੂੰ ਨਿਉਤਾ ਦਿੱਤਾ ਹੈ ਜੋ ਆਣ ਕੇ ਤੈਨੂੰ ਆਖੇ ਕਿ 'ਇਹ ਨੂੰ ਜਗ੍ਹਾ ਦੇ' ਅਰ ਤਦ ਤੈਨੂੰ ਸ਼ਰਮਿੰਦਗੀ ਨਾਲ ਸਭ ਤੋਂ ਨੀਵੀਂ ਥਾਂ ਬੈਠਣਾ ਪਵੇ।**
**10 ਪਰ ਜਾਂ ਤੈਨੂੰ ਨਿਉਤਾ ਦਿੱਤਾ ਜਾਵੇ ਤਾਂ ਸਭ ਤੋਂ ਨੀਵੀਂ ਥਾਂ ਜਾ ਬੈਠ, ਫੇਰ ਜਿਹ ਨੇ ਤੈਨੂੰ ਨਿਉਤਾ ਦਿੱਤਾ ਹੈ ਜਦ ਉਹ ਆਵੇ ਤਦ ਤੈਨੂੰ ਆਖੇ, 'ਮਿੱਤਰਾ, ਅੱਗੇ ਆ ਜਾਹ।' ਤਦ ਉਨ੍ਹਾਂ ਸਭਨਾਂ ਦੇ ਸਾਹਮਣੇ ਜੋ ਤੇਰੇ ਨਾਲ ਖਾਣ ਬੈਠੇ ਹਨ ਤੇਰਾ ਆਦਰ ਹੋਵੇਗਾ।**
**11 ਕਿਉਂਕਿ ਹਰੇਕ ਜੋ ਆਪਣੇ ਆਪ ਨੂੰ ਉੱਚਾ ਕਰਦਾ ਹੈ ਸੋ ਨੀਵਾਂ ਕੀਤਾ ਜਾਵੇਗਾ ਅਤੇ ਜੋ ਆਪਣੇ ਆਪ ਨੂੰ ਨੀਵਾਂ ਕਰਦਾ ਹੈ ਸੋ ਉੱਚਾ ਕੀਤਾ ਜਾਵੇਗਾ।"**

ਪ੍ਰਭੂ ਯਿਸੂ ਸਾਨੂੰ ਜਾਣ ਬੁੱਝ ਕੇ ਨਿਮਰਤਾ ਅਤੇ ਅਧੀਨਗੀ ਨਾਲ ਚੱਲਣ ਦੀ ਸਿੱਖਿਆ ਦੇ ਰਿਹਾ ਹੈ। ਇਸ ਤਰੀਕੇ ਨਾਲ ਚੱਲੋ ਕਿ ਤੁਸੀਂ ਠੋਕਰ ਨਾ ਖਾ ਸਕੋ। ਜਦੋਂ ਤੁਸੀਂ ਨੀਵੇਂ ਹੁੰਦੇ ਹੋ (ਦਿਲ ਦੇ ਨਿਮਰ) ਤਾਂ ਕੋਈ ਵੀ ਤੁਹਾਨੂੰ ਨੀਵਾਂ ਨਹੀਂ ਧੱਕ ਸਕਦਾ! ਉਨ੍ਹਾਂ ਕੋਲ ਤੁਹਾਨੂੰ ਠੋਕਰ ਖੁਆਉਣ ਦਾ ਮੌਕਾ ਨਹੀਂ ਹੈ। ਜੇਕਰ ਤੁਹਾਨੂੰ ਥੱਲੇ ਉਤਰਨ ਲਈ ਕਿਹਾ ਜਾਂਦਾ ਹੈ, ਤਾਂ ਤੁਹਾਡਾ ਦਿਲ ਪਹਿਲਾਂ ਤੋਂ ਹੀ ਉਸ ਤੋਂ ਨੀਵੇਂ ਸਥਾਨ 'ਤੇ ਹੈ। ਤੁਹਾਨੂੰ ਠੋਕਰ ਨਹੀਂ ਲੱਗ ਸਕਦੀ।

ਮਸੀਹੀ ਆਗੂ ਹੋਣ ਦੇ ਨਾਤੇ, ਜਦੋਂ ਸਾਡੇ ਅਹੰਕਾਰ ਨੂੰ ਠੇਸ ਪਹੁੰਚਦੀ ਹੈ ਤਾਂ ਸਾਨੂੰ ਠੋਕਰ ਲੱਗਣਾ ਬਹੁਤ ਅਸਾਨ ਹੁੰਦਾ ਹੈ। ਅਸੀਂ ਉਮੀਦ ਕਰਦੇ ਹਾਂ ਕਿ ਲੋਕ ਸਾਨੂੰ ਸਾਡੇ ਪਦਾਂ ਦੁਆਰਾ ਬੁਲਾਉਣ ਅਤੇ ਜਦੋਂ ਕੋਈ ਸਾਨੂੰ ਸਾਡੇ ਆਹੁੱਦੇ ਦੁਆਰਾ ਨਹੀਂ ਬੁਲਾਉਂਦਾ, ਤਾਂ ਅਸੀਂ ਠੋਕਰ ਖਾ ਜਾਂਦੇ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਸਾਨੂੰ ਸਭ ਤੋਂ ਅੱਗੇ ਬੁਲਾਇਆ ਜਾਵੇਗਾ ਅਤੇ ਸਭਾ ਵਿੱਚ ਸਭ ਤੋਂ ਵਧੀਆ ਸੀਟ ਦਿੱਤੀ ਜਾਵੇਗੀ ਅਤੇ ਜੇਕਰ ਅਜਿਹਾ ਨਹੀਂ ਹੁੰਦਾ, ਤਾਂ ਅਸੀਂ ਠੋਕਰ ਖਾ ਜਾਂਦੇ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਸਾਨੂੰ ਮਾਨਤਾ ਦਿੱਤੀ ਜਾਵੇ ਅਤੇ ਸਵੀਕਾਰ ਕੀਤਾ ਜਾਵੇ ਅਤੇ ਸਾਡੇ ਸਾਰੀਆਂ ਉੱਪਲੱਬਧੀਆਂ ਦੀ ਘੋਸ਼ਣਾ ਕੀਤੀ ਜਾਵੇ ਅਤੇ ਜਦੋਂ ਅਜਿਹਾ ਨਹੀਂ ਹੁੰਦਾ, ਤਾਂ ਅਸੀਂ ਠੋਕਰ ਖਾ ਜਾਂਦੇ ਹਾਂ। ਇਹ ਉਹ ਠੋਕਰਾਂ ਹਨ ਜੋ ਸਾਡੇ ਮਨਾਂ ਵਿੱਚ ਲੱਗਦੀਆਂ ਹਨ ਕਿਉਂਕਿ ਅਸੀਂ ਅਹੰਕਾਰ ਨੂੰ ਆਪਣੇ ਮਨਾਂ 'ਤੇ ਰਾਜ ਕਰਨ ਦਿੰਦੇ ਹਾਂ। ਇਸ ਦੀ ਬਜਾਇ, ਜੇ ਯਿਸੂ ਵਾਂਗ, ਅਸੀਂ ਨਿਮਰ ਅਤੇ ਨੀਵੇਂ ਮਨ ਨਾਲ ਚੱਲਦੇ ਹਾਂ, ਤਾਂ ਉੱਤਮ ਵਿਹਾਰ ਦੀ ਕੋਈ ਉਮੀਦ ਨਹੀਂ ਹੈ ਅਤੇ ਇਸ ਲਈ, ਠੋਕਰ ਖਾਣ ਦਾ ਕੋਈ ਮੌਕਾ ਨਹੀਂ ਹੈ।

ਦੋ ਹੋਰ ਮਹੱਤਵਪੂਰਣ ਦਿਲ ਦੇ ਫ਼ੈਸਲੇ ਜੋ ਸਾਨੂੰ ਕਰਨੇ ਚਾਹੀਦੇ ਹਨ, ਉਹ ਹਨ,

1) ਠੋਕਰ ਲੱਗੇ ਮਨ ਤੋਂ ਕੰਮ ਨਾ ਕਰਨਾ ਅਤੇ
2) ਪ੍ਰੇਮ ਵਿੱਚ ਚੱਲਣ ਦੀ ਚੋਣ ਕਰਨਾ।

ਅਸੀਂ ਅਗਲੇ ਦੋ ਅਧਿਆਇਆਂ ਵਿੱਚ ਇਨ੍ਹਾਂ ਨੂੰ ਇੱਕ ਇੱਕ ਕਰਕੇ ਸੰਬੋਧਿਤ ਕਰਾਂਗੇ।

## ਸੋਚ-ਵਿਚਾਰ

1) ਆਪਣੇ ਮਨਾਂ ਵਿੱਚ ਕਿਸੇ ਵੀ ਠੋਕਰ ਨੂੰ ਪ੍ਰਵੇਸ਼ ਕਰਨ ਤੋਂ ਰੋਕਣ ਲਈ ਚੌਕਸੀ ਕਰਨਾ ਮਹੱਤਵਪੂਰਣ ਕਿਉਂ ਹੈ?
2) ਕੀ ਤੁਸੀਂ ਠੋਕਰ ਨੂੰ ਛੱਡ ਦਿੱਤਾ ਹੈ? ਕੀ ਤੁਹਾਨੂੰ ਪ੍ਰਾਰਥਨਾ ਕਰਨ ਦੀ ਲੋੜ ਹੈ ਅਤੇ ਪਰਮੇਸ਼ੁਰ ਨੂੰ ਤੁਹਾਡੇ ਮਨ ਨੂੰ ਸਾਫ਼ ਕਰਨ ਅਤੇ ਉਨ੍ਹਾਂ ਠੋਕਰਾਂ ਨੂੰ ਤੁਹਾਡੇ ਮਨ ਵਿੱਚੋਂ ਸਾਫ਼ ਕਰਨ ਲਈ ਕਹਿਣ ਦੀ ਜ਼ਰੂਰਤ ਹੈ ਜੋ ਤੁਸੀਂ ਸ਼ਾਇਦ ਫੜੀਆਂ ਹੋਈਆਂ ਹੋ?
3) ਜਦੋਂ ਤੁਹਾਨੂੰ ਠੋਕਰ ਲੱਗਦੀ ਹੈ, ਤਾਂ ਇਹ ਚੀਜ਼ਾਂ ਕਰੋ ਰੋਮੀਆਂ 12:17-21 ਵਿੱਚ ਦੱਸੇ ਗਏ ਤਿੰਨ "ਪਹਿਲੇ ਜਵਾਬਾਂ" ਦੀ ਜਾਂਚ ਕਰੋ।
4) ਤੁਸੀਂ ਜਾਣ ਬੁੱਝ ਕੇ ਯਿਸੂ ਵਾਂਗ "ਨਿਮਰ ਅਤੇ ਨੀਵੇਂ ਮਨ ਵਾਲੇ" ਕਿਵੇਂ ਬਣ ਸਕਦੇ ਹੋ ਤਾਂ ਜੋ ਤੁਹਾਡੇ ਅਹੰਕਾਰ ਨੂੰ ਕਿਸੇ ਵੀ ਚੀਜ਼ ਨਾਲ ਠੇਸ ਨਾ ਪਹੁੰਚੇ ਅਤੇ ਇਸ ਲਈ, ਇਸ ਤਰੀਕੇ ਨਾਲ ਠੋਕਰ ਖਾਣ ਦਾ ਕੋਈ ਮੌਕਾ ਨਾ ਹੋਵੇ?

# 4

# ਠੋਕਰ ਨੂੰ ਦਿਲ ਵਿੱਚ ਰੱਖ ਕੇ ਕੰਮ ਨਾ ਕਰੋ

ਪਿੱਛਲੇ ਅਧਿਆਇ ਵਿੱਚ, ਅਸੀਂ ਦਿਲ ਦੀਆਂ ਤਿੰਨ ਮਹੱਤਵਪੂਰਣ ਚੋਣਾਂ ਬਾਰੇ ਚਰਚਾ ਕੀਤੀ ਸੀ ਜੋ ਸਾਨੂੰ ਕਿਸੇ ਠੋਕਰ ਦਾ ਸਾਹਮਣਾ ਕਰਨ ਵੇਲੇ ਕਰਨੀਆਂ ਚਾਹੀਦੀਆਂ ਹਨ।

1) ਇਸ ਨੂੰ ਛੱਡ ਦਿਓ।
2) ਰੋਮੀਆਂ 12:17-21 ਦੇ ਅਨੁਸਾਰ ਜਵਾਬ ਦਿਓ ਅਤੇ ਪਰਮੇਸ਼ੁਰ ਨੂੰ ਤੁਹਾਡਾ ਬਦਲਾ ਲੈਣ ਦਿਓ।
3) ਹੰਕਾਰ ਨੂੰ ਆਪਣੇ ਦਿਲ 'ਤੇ ਰਾਜ ਨਾ ਕਰਨ ਦਿਓ।

ਇਹ ਅਧਿਆਇ ਦਿਲ ਦੀ ਚੌਥੀ ਮਹੱਤਵਪੂਰਣ ਚੋਣ ਨੂੰ ਸੰਬੋਧਿਤ ਕਰਦਾ ਹੈ ਜੋ ਸਾਨੂੰ ਕਰਨੀ ਚਾਹੀਦੀ ਹੈ ਜਦੋਂ ਸਾਨੂੰ ਠੋਕਰ ਲੱਗਦੀ ਹੈ। ਅਸੀਂ ਠੋਕਰ ਲੱਗੇ ਦਿਲ ਤੋਂ ਕੰਮ ਨਾ ਕਰਨ ਦੀ ਜਾਣਬੁੱਝ ਕੇ ਚੋਣ ਕਰਦੇ ਹਾਂ। ਇਹ ਆਤਮ-ਸੰਜਮ ਦੀ ਮੰਗ ਕਰਦੀ ਹੈ।

## ਦੋ ਠੋਕਰਾਂ ਇੱਕ ਨੂੰ ਸਹੀ ਨਹੀਂ ਬਣਾਉਣਗੀਆਂ

**ਉਪਦੇਸ਼ਕ ਦੀ ਪੋਥੀ 10:4**

**ਜੇ ਹਾਕਮ ਦਾ ਜੋਸ਼ ਤੇਰੇ ਵਿਰੁੱਧ ਉੱਠੇ, ਤਾਂ ਆਪਣਾ ਥਾਂ ਨਾ ਛੱਡ, ਕਿਉਂ ਜੋ ਧੀਰਜ ਵੱਡੇ ਪਾਪਾਂ ਨੂੰ ਦਬਾਅ ਦਿੰਦਾ ਹੈ।**

ਅਜੋਕੇ ਸਮੇਂ ਦੇ ਦ੍ਰਿਸ਼ ਦੀ ਕਲਪਨਾ ਕਰੋ। ਮੰਨ ਲਓ ਕਿ ਤੁਸੀਂ ਕੰਮ ਵਿੱਚ ਗੜਬੜ ਕੀਤੀ ਹੈ। ਹੋ ਸਕਦਾ ਹੈ ਕਿ ਇਹ ਸਿਰਫ਼ ਇੱਕ ਛੋਟੀ ਜਿਹੀ ਗੱਲ ਸੀ ਜੋ ਤੁਸੀਂ ਕਰਨ ਵਿੱਚ ਅਸਫ਼ਲ ਰਹੇ ਹੋ ਜਾਂ ਇਹ ਇੱਕ ਗੰਭੀਰ ਅਤੇ ਵੱਡੀ ਗ਼ਲਤੀ ਹੋ ਸਕਦੀ ਹੈ। ਤੁਹਾਡਾ ਅਧਿਕਾਰੀ ਤੁਹਾਡੇ ਨਾਲ ਨਰਾਜ਼ ਹੈ। ਉਹ ਆਪਣੀ ਨਰਾਜ਼ਗੀ ਨੂੰ ਭੈੜੀਆਂ ਈ ਮੇਲਾਂ, ਜ਼ੁਬਾਨੀ ਅਪਮਾਨ, ਮਾੜੀ ਰੇਟਿੰਗਾਂ ਅਤੇ ਉੱਚ ਅਧਿਕਾਰੀਆਂ ਨੂੰ ਨਾਮਨਜ਼ੂਰੀਆਂ ਦੀ ਇੱਕ ਲੜੀ ਰਾਹੀਂ ਪ੍ਰਗਟ ਕਰਦਾ ਹੈ। ਬੇਸ਼ੱਕ, ਤੁਹਾਨੂੰ ਉਸ ਦੀ ਪ੍ਰਤੀਕਿਰਿਆ ਤੋਂ ਠੋਕਰ ਲੱਗੀ ਹੈ। ਤੁਹਾਨੂੰ ਲੱਗਦਾ ਹੈ ਕਿ ਉਹ ਬਹੁਤ ਜ਼ਿਆਦਾ ਪ੍ਰਤੀਕਿਰਿਆ ਕਰ ਰਿਹਾ ਹੈ। ਤੁਸੀਂ ਛੱਡ ਕੇ ਜਾਣਾ, ਉੱਠ ਕੇ ਬਾਹਰ ਜਾਣਾ ਜਾਂ ਵਿਰੋਧ ਕਰਨਾ ਚਾਹੁੰਦੇ ਹੋ। ਤੁਸੀਂ ਉਸ ਨੂੰ ਦੱਸਣਾ ਚਾਹੁੰਦੇ ਹੋ ਕਿ ਉਸ ਨੇ ਤੁਹਾਡੇ ਨਾਲ ਜੋ ਕੀਤਾ ਤੁਸੀਂ ਉਸ ਦੇ ਹੱਕਦਾਰ ਸੀ। ਦੂਜੇ ਪਾਸੇ, ਵਚਨ ਸਾਨੂੰ ਉਤਸ਼ਾਹਿਤ ਕਰਦਾ ਹੈ—"*ਆਪਣਾ ਥਾਂ ਨਾ ਛੱਡ।*"

ਆਪਣੀ ਠੋਕਰ ਦੀ ਭਾਵਨਾ ਤੋਂ ਪ੍ਰਤੀਕਿਰਿਆ ਨਾ ਦਿਓ। ਅਜਿਹੀ ਸਥਿਤੀ ਵਿੱਚ ਸ਼ਾਂਤ ਰਹਿਣਾ, ਕੋਮਲ ਹੋਣਾ, ਝੁੱਕਣਾ ਅਤੇ ਧੀਰਜ ਰੱਖਣਾ ਚੀਜ਼ਾਂ ਨੂੰ ਸ਼ਾਂਤ ਕਰ ਦੇਵੇਗਾ।

## ਠੋਕਰ ਖਾਧਾ ਦਿਲ ਇੱਕ ਜ਼ਖਮੀ ਦਿਲ ਹੁੰਦਾ ਹੈ

ਠੋਕਰ ਖਾਧਾ ਦਿਲ ਇੱਕ ਜ਼ਖਮੀ ਦਿਲ ਹੁੰਦਾ ਹੈ। ਅੰਦਰ ਠੇਸ ਲੱਗੀ ਹੈ। ਆਤਮਾ "ਉਦਾਸ" ਹੈ।

**ਕਹਾਉਤਾਂ 17:22**

**ਖੁਸ਼ ਦਿਲੀ ਦਵਾ ਵਾਂਙੁ ਚੰਗੀ ਕਰਦੀ ਹੈ, ਪਰ ਉਦਾਸ ਆਤਮਾ ਹੱਡੀਆਂ ਨੂੰ ਸੁਕਾਉਂਦਾ ਹੈ।**

ਉਦਾਸ ਆਤਮਾ ਹੱਡੀਆਂ ਨੂੰ ਸੁਕਾ ਦਿੰਦਾ ਹੈ। ਇਸ ਦਾ ਮਤਲਬ ਇਹ ਹੈ ਕਿ ਉਦਾਸ ਆਤਮਾ "ਤੁਹਾਡੇ ਵਿੱਚੋਂ ਜੀਵਨ ਚੂਸ ਲੈਂਦਾ ਹੈ," ਤੁਹਾਨੂੰ ਸੁਕਾ ਦਿੰਦਾ ਹੈ ਅਤੇ ਅਸਲ ਵਿੱਚ ਤੁਹਾਨੂੰ ਢਾਹ ਦਿੰਦਾ ਹੈ।

**ਕਹਾਉਤਾਂ 18:14**

**ਮਨੁੱਖ ਦਾ ਆਤਮਾ ਉਹ ਦੀ ਬਿਮਾਰੀ ਨੂੰ ਝੱਲੇਗਾ। ਪਰ ਉਦਾਸ ਆਤਮਾ ਨੂੰ ਕੌਣ ਸਹਿ ਸੱਕੇ?**

ਅੰਦਰਲਾ ਇਨਸਾਨ ਉਹ ਹੈ ਜਿਹੜਾ ਚੁਣੌਤੀਪੂਰਣ ਸਮਿਆਂ, ਬਿਮਾਰੀ ਦੇ ਸਮਿਆਂ ਵਿੱਚ ਸਾਨੂੰ ਸੰਭਾਲਦਾ ਹੈ। ਪਰ ਜੇ ਅੰਦਰਲਾ ਇਨਸਾਨ ਜ਼ਖਮੀ, ਦੁਖੀ ਅਤੇ ਉਦਾਸ ਹੋ ਗਿਆ ਹੈ, ਤਾਂ ਵਿਅਕਤੀ ਕੋਲ ਉਹ ਨਹੀਂ ਹੁੰਦਾ ਜਿਸ ਦੀ ਚੁਣੌਤੀਪੂਰਣ ਸਮੇਂ ਵਿੱਚ ਸੰਭਾਲਣ ਲਈ ਲੋੜ ਹੁੰਦੀ ਹੈ।

ਇਸ ਲਈ, ਜੇ ਅਸੀਂ ਠੋਕਰ ਨੂੰ ਲੈਂਦੇ ਹਾਂ ਅਤੇ ਇਸ ਨੂੰ ਆਪਣੇ ਦਿਲਾਂ ਵਿੱਚ ਆਉਣ ਦਿੰਦੇ ਹਾਂ, ਤਾਂ ਅਸੀਂ ਅਸਲ ਵਿੱਚ ਕਮਜ਼ੋਰੀ ਦੇ ਸਥਾਨ ਵਿੱਚ ਹਾਂ, ਤਾਕਤ ਦੇ ਨਹੀਂ। ਅਸੀਂ ਚੀਜ਼ਾਂ ਦੇ ਹੇਠਲੇ ਸਿਰੇ 'ਤੇ ਹਾਂ ਅਤੇ ਅਸਲ ਵਿੱਚ ਆਪਣਾ ਸਭ ਤੋਂ ਵਧੀਆ ਨਹੀਂ ਦੇ ਰਹੇ ਹਾਂ।

ਸਾਡੀ ਪ੍ਰਵਿਰਤੀ ਗ਼ਲਤ ਫ਼ੈਸਲੇ ਅਤੇ ਮਾੜੀਆਂ ਚੋਣਾਂ ਕਰਨ ਦੀ ਹੁੰਦੀ ਹੈ। ਅਸੀਂ ਅਕਸਰ ਸਾਡੀ ਠੋਕਰ ਕਰਕੇ ਅੰਨ੍ਹੇ ਹੋ ਜਾਂਦੇ ਹਾਂ। ਸਾਡਾ ਫ਼ੈਸਲਾ ਅਕਸਰ ਸਾਡੇ ਦੁਆਰਾ ਮਹਿਸੂਸ ਕੀਤੀ ਗਈ ਠੇਸ ਦੁਆਰਾ ਧੁੰਦਲਾ ਹੁੰਦਾ ਹੈ।

ਜਦੋਂ ਅਸੀਂ ਇਸ ਠੇਸ ਦੀ ਥਾਂ ਤੋਂ ਕੰਮ ਕਰਦੇ ਹਾਂ, ਤਾਂ ਅਸੀਂ ਦੂਜਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਾਂ। ਲੋਕਾਂ ਨੂੰ ਦੁਖੀ ਕਰਨਾ ਦੂਜੇ ਲੋਕਾਂ ਨੂੰ ਠੇਸ ਪਹੁੰਚਾਉਂਦਾ ਹੈ। ਕਈ ਵਾਰ ਇਹ ਬਚਾਅ ਦੇ ਤਰੀਕੇ ਵਜੋਂ ਕੀਤਾ ਜਾਂਦਾ ਹੈ, ਪਰ ਇਸ ਦੇ ਬਾਵਜੂਦ, ਅਸੀਂ ਆਪਣੇ ਨਜ਼ਦੀਕੀ ਲੋਕਾਂ ਨੂੰ ਠੇਸ ਪਹੁੰਚਾ ਰਹੇ ਹਾਂ।

ਇਸ ਲਈ, ਠੋਕਰ ਨੂੰ ਨਾ ਲੈਣਾ ਸਭ ਤੋਂ ਵਧੀਆ ਹੈ। ਜੇਕਰ, ਭਾਵੇਂ ਕਿਸੇ ਨੇ, ਤੁਹਾਨੂੰ ਠੋਕਰ ਪਹੁੰਚਾਈ ਹੈ, ਤਾਂ ਆਤਮ-ਸੰਜਮ ਦੀ ਵਰਤੋਂ ਕਰੋ ਅਤੇ ਠੋਕਰ ਲੱਗੇ ਮਨ ਤੋਂ ਕੰਮ ਨਾ ਕਰਨ ਦੀ ਚੋਣ ਕਰੋ। ਪਰਮੇਸ਼ੁਰ ਨੂੰ ਤੁਹਾਨੂੰ ਚੰਗਾ ਕਰਨ ਦਿਓ ਅਤੇ ਤੁਹਾਡੇ ਦਿਲ ਨੂੰ ਠੋਕਰ ਨੂੰ ਛੱਡਣ, ਮਾਫ਼ ਕਰਨ, ਸਾਫ਼ ਕਰਨ ਅਤੇ ਸ਼ੁੱਧ ਕਰਨ ਵਿੱਚ ਤੁਹਾਡੀ ਮਦਦ ਕਰਨ ਦਿਓ। ਫਿਰ, ਅੱਗੇ ਵਧੋ।

## ਠੋਕਰ ਕੁੜੱਤਣ ਨੂੰ ਜਨਮ ਦਿੰਦੀ ਹੈ

ਜੇ ਅਸੀਂ ਆਪਣੇ ਦਿਲਾਂ ਵਿੱਚ ਠੋਕਰਾਂ ਨਾਲ ਤੁਰੰਤ ਨਹੀਂ ਨਜਿੱਠਦੇ ਹਾਂ, ਤਾਂ ਇਹ ਕੁੜੱਤਣ, ਨਾਮਾਫ਼ੀ, ਗੁੱਸਾ ਅਤੇ ਨਫ਼ਰਤ ਸਮੇਤ ਗ਼ਲਤ ਭਾਵਨਾਵਾਂ ਨੂੰ ਜਨਮ ਦੇਣਗੀਆਂ। ਅਸੀਂ ਉਸ ਵਿਅਕਤੀ (ਜਾਂ ਲੋਕਾਂ) ਪ੍ਰਤੀ ਕੌੜਾ ਮਹਿਸੂਸ ਕਰਦੇ ਹਾਂ ਜਿਸ ਨੇ ਸਾਨੂੰ ਠੋਕਰ ਪਹੁੰਚਾਈ ਹੈ।

ਸਾਡੇ ਦਿਲਾਂ ਵਿੱਚ ਕੁੜੱਤਣ ਹੋਣਾ ਕੀ ਹੈ?

**ਇਬਰਾਨੀਆਂ 12:14,15**

**14 ਸਭਨਾਂ ਨਾਲ ਮੇਲ ਰੱਖਣ ਦਾ ਪਿੱਛਾ ਕਰੋ ਅਤੇ ਪਵਿੱਤਰਤਾਈ ਦਾ ਜਿਹ ਦੇ ਬਿਨਾਂ ਕੋਈ ਪ੍ਰਭੂ ਨੂੰ ਨਾ ਵੇਖੇਗਾ।**

**15 ਵੇਖਣਾ ਭਈ ਕੋਈ ਪਰਮੇਸ਼ੁਰ ਦੀ ਕਿਰਪਾ ਤੋਂ ਵਾਂਝਿਆਂ ਨਾ ਰਹੇ ਅਤੇ ਨਾ ਹੋਵੇ ਭਈ ਕੋਈ ਕੁੜੱਤਣ ਦੀ ਜੜ੍ਹ ਫੁੱਟ ਕੇ ਦੁੱਖ ਦੇਵੇ ਅਤੇ ਬਾਹਲੇ ਉਸ ਦੇ ਕਾਰਨ ਭ੍ਰਿਸ਼ਟ ਹੋ ਜਾਣ।**

ਕੁੜੱਤਣ ਇੱਕ ਜੜ੍ਹ ਦੀ ਤਰ੍ਹਾਂ ਹੈ, ਜੇਕਰ ਇਸ ਨੂੰ ਰੋਕਿਆ ਜਾਂ ਕਾਬੂ ਨਾ ਜਾਵੇ, ਤਾਂ ਉਹ ਵਧੇਗੀ ਅਤੇ ਸਾਡੇ ਲਈ ਮੁਸੀਬਤ—ਹਰ ਕਿਸਮ ਦੀ ਮੁਸੀਬਤ—ਦਾ ਕਾਰਨ ਬਣੇਗੀ। ਇਹ ਸਾਡੇ ਦੁਆਰਾ ਆਪਣੇ ਪ੍ਰਭਾਵ ਨੂੰ ਦੂਜਿਆਂ ਤੱਕ ਵੀ ਵਧਾਏਗੀ, ਜਿਸ ਨਾਲ ਉਹ ਉਸ ਨੂੰ ਲੈਣਗੇ ਜੋ ਅਸੀਂ ਤਜ਼ੁਰਬੇ ਕਰ ਰਹੇ ਹਾਂ। ਜੇਕਰ ਰੋਕਿਆ ਜਾਂ ਕਾਬੂ ਨਾ ਕੀਤਾ ਜਾਵੇ, ਤਾਂ ਕੁੜੱਤਣ ਛੂਤਕਾਰੀ ਬਣ ਜਾਂਦੀ ਹੈ ਅਤੇ ਫੈਲ ਜਾਂਦੀ ਹੈ। ਦੂਜੇ ਵੀ ਸਾਡੇ ਵਾਂਗ ਕੌੜੇ ਹੋ ਜਾਂਦੇ ਹਨ।

ਇਬਰਾਨੀਆਂ 12:15 ਵਿੱਚ, ਦਿਲਚਸਪ ਗੱਲ ਇਹ ਹੈ ਕਿ ਕੁੜੱਤਣ ਬਾਰੇ ਚੇਤਾਵਨੀ ਪਰਮੇਸ਼ੁਰ ਦੀ ਕਿਰਪਾ ਤੋਂ ਵਾਂਝਿਆਂ ਨਾ ਰਹਿਣ ਦੀ ਚੇਤਾਵਨੀ ਦੇ ਨਾਲ ਹੈ। ਪਰਮੇਸ਼ੁਰ ਅੱਤ ਕਿਰਪਾ ਦਾ ਪਰਮੇਸ਼ੁਰ ਹੈ। ਉਸ ਕੋਲ ਸਭ ਲਈ ਭਰਪੂਰ, ਬੇਅੰਤ ਕਿਰਪਾ ਉਪਲੱਬਧ ਹੈ। ਪਰ, ਸਾਡੇ ਦਿਲਾਂ ਵਿੱਚ ਕੁੜੱਤਣ ਸਾਨੂੰ ਉਹ ਪ੍ਰਾਪਤ ਕਰਨ ਵਿੱਚ ਅਸਫ਼ਲ ਬਣਾ ਸਕਦੀ ਹੈ ਜੋ ਪਰਮੇਸ਼ੁਰ ਸਾਡੇ ਲਈ, ਸਾਡੇ ਵਿੱਚ ਅਤੇ ਸਾਡੇ ਦੁਆਰਾ ਉਸ ਦੀ ਅਦਭੁੱਤ ਕਿਰਪਾ ਦੁਆਰਾ ਕਰ ਸਕਦਾ ਹੈ। ਜੇਕਰ ਇਸਨੂੰ ਰੋਕਿਆ ਜਾਂ ਕਾਬੂ ਨਾ ਕੀਤਾ ਜਾਵੇ, ਤਾਂ ਕੁੜੱਤਣ ਨਾਮਾਫ਼ੀ ਵੱਲ ਲੈ ਜਾਂਦੀ ਹੈ, ਜੋ ਨਿਹਚਾ ਵਿੱਚ

ਰੁਕਾਵਟ ਪਾਉਂਦੀ ਹੈ (ਮਰਕੁਸ 11:22-25)।

ਜੇਕਰ ਇਸ ਨੂੰ ਰੋਕਿਆ ਜਾਂ ਕਾਬੂ ਨਾ ਕੀਤਾ ਜਾਵੇ ਤਾਂ ਕੁੜੱਤਣ ਵੈਰ ਵੱਲ ਲੈ ਜਾਂਦੀ ਹੈ। ਵੈਰ ਅੰਨ੍ਹਾ ਕਰ ਦਿੰਦਾ ਹੈ (1 ਯੂਹੰਨਾ 2:9,11)। ਅਸੀਂ ਉਨ੍ਹਾਂ ਲੋਕਾਂ ਦੇ ਵਾਂਗ ਹਨੇਰੇ ਵਿੱਚ ਟਟੋਲਦੇ ਜਾਂ ਘੁੰਮਦੇ ਹਾਂ, ਜਾਪਦਾ ਹੈ ਕਿ ਕਿਤੇ ਜਾ ਰਹੇ ਹਾਂ ਪਰ ਇਹ ਨਹੀਂ ਜਾਣਦੇ ਕਿ ਅਸੀਂ ਕਿੱਥੇ ਜਾ ਰਹੇ ਹਾਂ ਕਿਉਂਕਿ ਵੈਰ ਨੇ ਸਾਡੀਆਂ ਅੱਖਾਂ ਅੰਨ੍ਹੀਆਂ ਕਰ ਦਿੱਤੀਆਂ ਹਨ।

ਵੈਰ ਰੱਖਣਾ ਕਤਲ ਹੈ (1 ਯੂਹੰਨਾ 3:15)। ਜਦੋਂ ਅਸੀਂ ਕੁੜੱਤਣ ਨਾਲ ਕੰਮ ਕਰਦੇ ਹਾਂ, ਤਾਂ ਅਸੀਂ ਅਕਸਰ ਕਤਲ ਦਾ ਸਹਾਰਾ ਲੈਂਦੇ ਹਾਂ। ਅਸੀਂ ਹੁਣ ਉਸ ਵਿਅਕਤੀ (ਜਾਂ ਲੋਕਾਂ) ਦੇ ਚਰਿੱਤਰ, ਵੱਕਾਰ ਅਤੇ ਸਨਮਾਨ ਦਾ ਕਤਲ ਕਰਨ ਤੋਂ ਝਿਜਕਦੇ ਨਹੀਂ ਹਾਂ ਜਿਸ ਨੇ ਸਾਨੂੰ ਠੋਕਰ ਖੁਆਈ ਹੈ। ਕਦੇ-ਕਦੇ, ਅਸੀਂ ਸਾਰੇ ਲੋਕਾਂ ਪ੍ਰਤੀ ਇਸ ਵੈਰ ਨੂੰ ਆਮ ਵੀ ਸਮਝ ਸਕਦੇ ਹਾਂ। ਅਸੀਂ ਕਹਿੰਦੇ ਹਾਂ, "ਹਰ ਕੋਈ ਇਸ ਤਰ੍ਹਾਂ ਦਾ ਹੈ।" ਇੱਕ ਠੋਕਰ, ਜੋ ਦਿਲ ਵਿੱਚ ਦਾਖ਼ਿਲ ਹੁੰਦੀ ਹੈ, ਕੁੜੱਤਣ ਨੂੰ ਜਨਮ ਦਿੰਦੀ ਹੈ ਜੋ ਸਾਰਿਆਂ ਪ੍ਰਤੀ ਇੱਕ ਆਮ ਵੈਰ ਵੱਲ ਲੈ ਜਾਂਦੀ ਹੈ।

ਅਜਿਹੀਆਂ ਸਾਰੀਆਂ ਨਕਾਰਾਤਮਕ ਭਾਵਨਾਵਾਂ ਸਿਰਫ਼ ਸਾਨੂੰ ਪਰੇਸ਼ਾਨ ਕਰਨ ਅਤੇ ਸਾਨੂੰ ਹੋਰ ਨੁਕਸਾਨ ਪਹੁੰਚਾਉਣ ਦਾ ਕੰਮ ਕਰਨਗੀਆਂ ਜੇਕਰ ਉਨ੍ਹਾਂ ਨੂੰ ਸਾਡੇ ਦਿਲਾਂ ਵਿੱਚੋਂ ਨਹੀਂ ਹਟਾਇਆ ਜਾਂਦਾ।

## ਠੋਕਰ ਨਾ ਖੁਆਓ

ਜਿਵੇਂ ਕਿ ਇਬਰਾਨੀਆਂ 12:15 ਦੱਸਦੀ ਹੈ, ਕੁੜੱਤਣ, ਜੇ ਇਸ ਨੂੰ ਰੋਕਿਆ ਜਾਂ ਕਾਬੂ ਨਾ ਕੀਤਾ ਜਾਵੇ, ਤਾਂ ਸਾਡੇ ਦਿਲਾਂ ਤੋਂ ਸਾਡੇ ਆਲੇ ਦੁਆਲੇ ਦੇ ਲੋਕਾਂ ਦੇ ਦਿਲਾਂ ਵਿੱਚ ਫੈਲ ਜਾਂਦੀ ਹੈ।

ਜਦੋਂ ਅਸੀਂ ਠੋਕਰ ਲੱਗੇ ਮਨ ਨਾਲ ਕੰਮ ਕਰਦੇ ਹਾਂ, ਅਸੀਂ ਦੂਜੇ ਲੋਕਾਂ ਵਿੱਚ ਠੋਕਰ ਦੀਆਂ ਭਾਵਨਾਵਾਂ ਨੂੰ ਵੰਡਣਾ, ਦੇਣਾ ਅਤੇ ਫੈਲਾਉਣਾ ਸ਼ੁਰੂ ਕਰਦੇ ਹਾਂ। ਉਨ੍ਹਾਂ ਦੀ ਸੋਚ, ਤਰਕ ਅਤੇ ਦ੍ਰਿਸ਼ਟੀਕੋਣ ਵੀ ਉਨ੍ਹਾਂ ਗੱਲਾਂ ਤੋਂ ਧੁੰਦਲਾ ਹੁੰਦਾ ਹੈ ਜੋ ਅਸੀਂ ਉਨ੍ਹਾਂ ਨੂੰ ਦੱਸਦੇ ਹਾਂ।

**ਰੋਮੀਆਂ 16:17**

**ਹੁਣ ਹੇ ਭਰਾਵੋ, ਮੈਂ ਤੁਹਾਡੇ ਅੱਗੇ ਅਰਦਾਸ ਕਰਦਾ ਹਾਂ, ਭਈ ਤੁਸੀਂ ਓਹਨਾਂ ਦੀ ਤਾੜ ਰੱਖੋ ਜਿਹੜੇ ਉਸ ਸਿੱਖਿਆ ਦੇ ਵਿਰੁੱਧ ਜੋ ਤੁਹਾਨੂੰ ਮਿਲੀ ਹੈ ਫੁੱਟ ਪਾਉਂਦੇ ਅਤੇ ਠੋਕਰ** (ਯੂਨਾਨੀ *ਸਕੈਂਡਲਨ*) **ਖੁਆਉਂਦੇ ਹਨ ਅਤੇ ਓਹਨਾਂ ਤੋਂ ਲਾਂਭੇ ਰਹੋ।**

## ਠੇਡਾ ਜਾਂ ਠੋਕਰ ਨਾ ਖੁਆਉਣ ਦਾ ਸੰਕਲਪ ਕਰੋ

**ਰੋਮੀਆਂ 14:10,13**

**10 ਪਰ ਤੂੰ ਆਪਣੇ ਭਰਾ ਉੱਤੇ ਕਾਹਨੂੰ ਦੋਸ਼ ਲਾਉਂਦਾ ਹੈਂ? ਅਥਵਾ ਫੇਰ ਤੂੰ ਆਪਣੇ ਭਰਾ ਨੂੰ ਕਿਉਂ ਤੁੱਛ ਜਾਣਦਾ ਹੈਂ? ਕਿਉਂ ਜੋ ਅਸੀਂ ਸੱਭੇ ਪਰਮੇਸ਼ੁਰ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਖੜ੍ਹੇ ਹੋਵਾਂਗੇ।**

**13 ਇਸ ਲਈ ਅਸੀਂ ਇੱਕ ਦੂਏ ਉੱਤੇ ਅਗਾਹਾਂ ਨੂੰ ਕਦੇ ਦੋਸ਼ ਨਾ ਲਾਈਏ ਸਗੋਂ ਤੁਸੀਂ ਇਹ ਵਿਚਾਰੋ ਭਈ ਠੇਡੇ** (ਯੂਨਾਨੀ *ਪ੍ਰੋਸਕੋਮਾ*) **ਅਥਵਾ ਠੋਕਰ** (ਯੂਨਾਨੀ *ਸਕੈਂਡਲਨ*) **ਵਾਲੀ ਵਸਤੂ ਤੁਸੀਂ ਆਪਣੇ ਭਰਾ ਦੇ ਰਾਹ ਵਿੱਚ ਨਾ ਰੱਖੋ।**

ਰੋਮੀਆਂ 14 ਵਿੱਚ, ਪੌਲੁਸ ਇਸ ਤੱਥ ਨੂੰ ਸੰਬੋਧਿਤ ਕਰਦਾ ਹੈ ਕਿ ਵੱਖੋ-ਵੱਖਰੇ ਵਿਸ਼ਵਾਸੀ ਭੋਜਨ, ਖ਼ਾਸ ਦਿਨਾਂ ਆਦਿ ਵਰਗੀਆਂ ਚੀਜ਼ਾਂ ਨੂੰ ਵੱਖਰੇ ਢੰਗ ਨਾਲ ਵੇਖ ਸਕਦੇ ਹਨ। ਫਿਰ ਉਸ ਨੇ ਸਾਨੂੰ ਸਲਾਹ ਦਿੱਤੀ, ਕਿ ਵਿਸ਼ਵਾਸੀ ਹੋਣ ਦੇ ਨਾਤੇ, ਸਾਨੂੰ ਇਨ੍ਹਾਂ ਗੱਲਾਂ ਵਿੱਚ ਇੱਕ ਦੂਜੇ ਦਾ ਨਿਆਉਂ ਨਹੀਂ ਕਰਨਾ ਚਾਹੀਦਾ ਹੈ। ਸਾਡੇ ਵਿੱਚੋਂ ਹਰ ਇੱਕ ਨੂੰ ਆਪਣੇ ਮਨ ਵਿੱਚ ਪੂਰੀ ਤਰ੍ਹਾਂ ਦ੍ਰਿੜ੍ਹ ਹੋਣਾ ਚਾਹੀਦਾ ਹੈ ਅਤੇ ਇਹ ਜਾਣਨਾ ਚਾਹੀਦਾ ਹੈ ਕਿ ਅਸੀਂ ਪ੍ਰਭੂ ਨੂੰ ਸਾਰੀਆਂ ਗੱਲਾਂ ਦਾ ਲੇਖਾ ਦੇਵਾਂਗੇ। ਪਰ, ਜਦ ਕਿ ਸਾਡੇ ਕੋਲ ਇਹ ਅਜ਼ਾਦੀ ਹੈ, ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਕੋਈ ਠੋਕਰ ਨਾ ਖੜ੍ਹੀ ਕਰੀਏ ਜਾਂ ਅਜਿਹਾ ਕੁਝ ਨਾ ਕਰੀਏ ਜਿਸ ਨਾਲ ਕੋਈ ਹੋਰ ਵਿਸ਼ਵਾਸੀ ਲੜਖੜਾ ਕੇ ਡਿੱਗ ਜਾਵੇ।

ਰੋਮੀਆਂ 14:13 ਵਿੱਚ, "*ਠੇਡਾ*" ਯੂਨਾਨੀ ਸ਼ਬਦ '*ਪ੍ਰੋਸਕੋਮਾ*' ਹੈ ਜਿਸ ਦਾ ਅਰਥ ਹੈ "ਇੱਕ ਰੁਕਾਵਟ ਜਿਸ ਦੇ ਵਿਰੁੱਧ ਕੋਈ ਆਪਣੇ ਪੈਰ ਨੂੰ ਠੋਕਰ ਮਾਰ ਸਕਦਾ ਹੈ।" "ਠੋਕਰ ਵਾਲੀ ਵਸਤੂ" ਸ਼ਬਦ ਯੂਨਾਨੀ ਸ਼ਬਦ '*ਸਕੈਂਡਲਨ*' ਤੋਂ ਆਇਆ ਹਨ, ਜੋ ਅਸੀਂ ਪਹਿਲਾਂ ਵੇਖਿਆ ਹੈ।

ਵਿਸ਼ਵਾਸੀ ਹੋਣ ਦੇ ਨਾਤੇ, ਅਸੀਂ ਇੱਕ ਦੂਜੇ ਨੂੰ ਠੇਡਾ ਜਾਂ ਠੋਕਰ ਨਹੀਂ ਖੁਆਉਣੀ ਹੈ।

ਅਸੀਂ ਇੱਕ ਦੂਜੇ ਨੂੰ ਠੇਡਾ ਜਾਂ ਠੋਕਰ ਖੁਆਉਂਦੇ ਹਾਂ ਜਦੋਂ ਅਸੀਂ ਪ੍ਰਭੂ ਦੀ ਥਾਂ ਲੈਣ ਦੀ ਕੋਸ਼ਿਸ਼ ਕਰਦੇ ਹਾਂ ਅਤੇ ਉਨ੍ਹਾਂ ਗੱਲਾਂ ਵਿੱਚ ਇੱਕ ਦੂਜੇ ਦਾ ਨਿਆਉਂ ਕਰਨਾ ਸ਼ੁਰੂ ਕਰਦੇ ਹਾਂ ਜਿਨ੍ਹਾਂ ਦਾ ਕੋਈ ਨਤੀਜਾ ਨਹੀਂ ਹੁੰਦਾ (ਰੋਮੀਆਂ 14:4) ਅਤੇ ਜਿੱਥੇ ਪ੍ਰਭੂ ਨੇ ਖ਼ੁਦ ਸਾਨੂੰ ਆਪਣੀਆਂ ਚੋਣਾਂ ਕਰਨ ਅਤੇ ਉਸ ਪ੍ਰਤੀ ਜਵਾਬਦੇਹ ਬਣਨ ਦੀ ਅਜ਼ਾਦੀ ਦਿੱਤੀ ਹੈ (ਰੋਮੀਆਂ 14:12)।

ਅਸੀਂ ਉਦੋਂ ਇੱਕ ਦੂਜੇ ਨੂੰ ਠੇਡਾ ਜਾਂ ਠੋਕਰ ਖੁਆਉਂਦੇ ਹਾਂ ਜਦੋਂ ਅਸੀਂ ਨਫ਼ਰਤ ਵਿਖਾਉਂਦੇ ਹਾਂ, ਨੀਵਾਂ ਵਿਖਾਉਂਦੇ ਹਾਂ, ਤੁੱਛ ਜਾਣਦੇ ਹਾਂ, ਨਿੰਦਦੇ ਹਾਂ, ਸੋਚਦੇ ਹਾਂ ਕਿ

ਅਸੀਂ ਬਿਹਤਰ ਹਾਂ ਅਤੇ ਦੂਜੇ ਵਿਅਕਤੀ ਨੂੰ ਕੁਝ ਵੀ ਨਹੀਂ ਸਮਝਦੇ।

ਜੋ ਕੁਝ ਵੀ ਕਿਹਾ ਅਤੇ ਕੀਤਾ ਗਿਆ, ਸਾਨੂੰ ਠੋਕਰ ਨਾ ਖਾਣ ਅਤੇ ਠੋਕਰ ਲੱਗੇ ਮਨ ਤੋਂ ਕੰਮ ਨਾ ਕਰਨ ਦੀ ਸੋਚ ਸਮਝ ਕੇ ਚੋਣ ਕਰਨੀ ਚਾਹੀਦੀ ਹੈ।

## ਸੋਚ-ਵਿਚਾਰ

1) ਠੋਕਰ ਖਾਧਾ ਦਿਲ ਇੱਕ ਜ਼ਖਮੀ ਦਿਲ ਹੁੰਦਾ ਹੈ। ਕਿਸੇ ਠੋਕਰ ਨੂੰ ਫੜ੍ਹੀ ਰੱਖਣ ਦਾ ਸਾਡੇ ਉੱਤੇ ਨਿੱਜੀ ਤੌਰ 'ਤੇ ਕੀ ਅਸਰ ਪਾਉਂਦਾ ਹੈ?
2) ਠੋਕਰ ਤੋਂ ਜਨਮ ਲੈਣ ਵਾਲੀਆਂ ਕੁਝ ਨਕਾਰਾਤਮਕ ਭਾਵਨਾਵਾਂ ਕੀ ਹਨ? ਇਹ ਸਾਡੇ ਅਤੇ ਸਾਡੇ ਆਲੇ ਦੁਆਲੇ ਦੇ ਲੋਕਾਂ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ?
3) ਰੋਮੀਆਂ 14:10,13 ਦੇ ਅਨੁਸਾਰ, ਸਾਨੂੰ ਕਿਹੜੀਆਂ ਦੋ ਗੱਲਾਂ ਵਿੱਚ ਸ਼ਾਮਿਲ ਨਹੀਂ ਹੋਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਸੀਂ ਠੇਡਾ ਜਾਂ ਠੋਕਰ ਨਾ ਖੁਆਈਏ?

# 5

# ਪ੍ਰੇਮ ਸਾਨੂੰ ਅਜ਼ਾਦ ਰੱਖਦਾ ਹੈ

ਪਿੱਛਲੇ ਅਧਿਆਇਆਂ ਵਿੱਚ, ਅਸੀਂ ਮਨ ਦੀਆਂ ਚਾਰ ਮਹੱਤਵਪੂਰਣ ਚੋਣਾਂ ਬਾਰੇ ਚਰਚਾ ਕੀਤੀ ਹੈ ਜੋ ਸਾਨੂੰ ਕਿਸੇ ਠੋਕਰ ਦਾ ਸਾਹਮਣਾ ਕਰਨ ਵੇਲੇ ਕਰਨੀਆਂ ਚਾਹੀਦੀਆਂ ਹਨ।

1) ਇਸ ਨੂੰ ਛੱਡ ਦਿਓ।

2) ਰੋਮੀਆਂ 12:17-21 ਦੇ ਅਨੁਸਾਰ ਜਵਾਬ ਦਿਓ ਅਤੇ ਪਰਮੇਸ਼ੁਰ ਨੂੰ ਤੁਹਾਡਾ ਬਦਲਾ ਲੈਣ ਦਿਓ।

3) ਹੰਕਾਰ ਨੂੰ ਆਪਣੇ ਦਿਲ 'ਤੇ ਰਾਜ ਨਾ ਕਰਨ ਦਿਓ।

4) ਠੋਕਰ ਲੱਗੇ ਮਨ ਨਾਲ ਕੰਮ ਨਾ ਕਰੋ।

ਇਹ ਅਧਿਆਇ ਦਿਲ ਦੀ ਪੰਜਵੀਂ ਮਹੱਤਵਪੂਰਣ ਚੋਣ ਨੂੰ ਸੰਬੋਧਿਤ ਕਰਦਾ ਹੈ ਜਦੋਂ ਅਸੀਂ ਠੋਕਰ ਖਾਂਦੇ ਹਾਂ। ਅਸੀਂ ਪ੍ਰੇਮ ਵਿੱਚ ਚੱਲਣ ਦੀ ਜਾਣਬੁੱਝ ਕੇ ਚੋਣ ਕਰਦੇ ਹਾਂ। ਪ੍ਰੇਮ ਸਾਡੇ ਦਿਲਾਂ ਨੂੰ ਸਾਫ਼, ਸ਼ੁੱਧ ਅਤੇ ਅਜ਼ਾਦ ਰੱਖਦਾ ਹੈ।

## ਪ੍ਰੇਮ ਤੁਹਾਡੇ ਦਿਲ ਨੂੰ ਸਾਫ਼ ਕਰਦਾ ਹੈ

**1 ਯੂਹੰਨਾ 2:10**

**ਉਹ ਜਿਹੜਾ ਆਪਣੇ ਭਰਾ ਨਾਲ ਪ੍ਰੇਮ ਰੱਖਦਾ ਹੈ ਸੋ ਚਾਨਣ ਵਿੱਚ ਰਹਿੰਦਾ ਹੈ ਅਤੇ ਉਸ ਵਿੱਚ ਠੋਕਰ** (ਯੂਨਾਨੀ *ਸਕੈਂਡਲਨ*) **ਦਾ ਕਾਰਨ ਨਹੀਂ।**

ਠੋਕਰ ਦਾ ਸਭ ਤੋਂ ਵੱਡਾ ਇਲਾਜ ਪਰਮੇਸ਼ੁਰ ਦਾ ਪ੍ਰੇਮ ਹੈ ਜੋ ਸਾਡੇ ਦੁਆਰਾ ਵਹਿੰਦਾ ਹੈ।

ਜਦੋਂ ਅਸੀਂ ਠੋਕਰ ਖਾਂਦੇ ਹਾਂ, ਅਪਮਾਨਿਤ ਹੁੰਦੇ ਹਾਂ ਅਤੇ ਗੁੱਸੇ ਹੁੰਦੇ ਹਾਂ, ਅਸੀਂ ਇਸ ਦਾ ਦਰਦ ਮਹਿਸੂਸ ਕਰਦੇ ਹਾਂ। ਪਰ ਉਸ ਸਮੇਂ, ਅਸੀਂ ਪਰਮੇਸ਼ੁਰ ਦੇ ਪ੍ਰੇਮ ਨੂੰ ਸੱਦਾ ਦਿੰਦੇ ਹਾਂ ਜੋ *"ਪਵਿੱਤਰ ਆਤਮਾ ਦੇ ਵਸੀਲੇ ਨਾਲ ਸਾਡਿਆਂ ਹਿਰਦਿਆਂ ਵਿੱਚ ਪਾਇਆ ਹੋਇਆ ਹੈ"* (ਰੋਮੀਆਂ 5:5) ਸਾਡੇ ਦੁਆਰਾ ਅਤੇ ਉਸ ਵਿਅਕਤੀ ਵੱਲ ਵਹਿਣ ਲਈ ਜਿਸ ਨੇ ਸਾਨੂੰ ਠੋਕਰ ਖੁਆਈ ਹੈ।

ਜਦੋਂ ਅਸੀਂ ਅਜਿਹਾ ਕਰਨ ਦੀ ਚੋਣ ਕਰਦੇ ਹਾਂ ਅਤੇ ਪ੍ਰੇਮ ਵਾਲੇ ਦਿਲ ਨੂੰ ਬਣਾਈ ਰੱਖਦੇ ਹਾਂ, ਅਸੀਂ ਚਾਨਣ ਵਿੱਚ ਰਹਿੰਦੇ ਹਾਂ। ਪਰਮੇਸ਼ੁਰ ਦਾ ਚਾਨਣ ਸਾਡੇ ਜੀਵਨ ਨੂੰ ਭਰ ਦਿੰਦਾ ਹੈ। ਸਾਡੇ ਦਿਲ ਸਾਫ਼, ਸ਼ੁੱਧ ਅਤੇ ਅਜ਼ਾਦ ਹਨ। ਠੋਕਰ (ਯੂਨਾਨੀ *ਸਕੈਂਡਲਨ*) ਦਾ ਸਾਡੇ ਵਿੱਚ ਕੋਈ ਸਥਾਨ ਨਹੀਂ ਹੈ। ਇੱਥੇ ਕੁਝ ਵੀ ਨਹੀਂ ਹੈ ਜੋ ਸਾਨੂੰ ਫਸਾ ਸਕਦਾ ਹੈ ਜਾਂ ਸਾਡੇ ਤੋਂ ਗ਼ਲਤੀ ਕਰਵਾ ਸਕਦਾ ਹੈ। ਪ੍ਰੇਮ ਠੋਕਰ ਨੂੰ ਕੋਈ ਮੌਕਾ ਨਹੀਂ ਦਿੰਦਾ। ਪ੍ਰੇਮ ਅਤੇ ਠੋਕਰ ਇਕੱਠੇ ਨਹੀਂ ਰਹਿ ਸਕਦੇ।

ਸਾਡੇ ਦਿਲਾਂ ਵਿੱਚ ਪਰਮੇਸ਼ੁਰ ਦੇ ਪ੍ਰੇਮ ਨਾਲ, ਅਸੀਂ ਉਨ੍ਹਾਂ ਨੂੰ ਮਾਫ਼ੀ ਅਤੇ ਬਰਕਤ ਦਿੰਦੇ ਹਾਂ ਜਿਨ੍ਹਾਂ ਨੇ ਸਾਨੂੰ ਠੋਕਰ ਖੁਆਈ ਹੈ।

ਅਸੀਂ ਹੁਣ ਉਨ੍ਹਾਂ ਲੋਕਾਂ ਨਾਲ ਗੱਲ ਕਰ ਸਕਦੇ ਹਾਂ ਜਿਸ ਨੇ ਸਾਨੂੰ ਉਨ੍ਹਾਂ ਪ੍ਰਤੀ ਸਾਡੇ ਦਿਲਾਂ ਵਿੱਚ ਪ੍ਰੇਮ ਤੋਂ ਇਲਾਵਾ ਕਿਸੇ ਚੀਜ਼ ਨਾਲ ਠੋਕਰ ਨਹੀਂ ਖੁਆਈ ਹੈ। ਅਸੀਂ ਦੱਸ ਸਕਦੇ ਹਾਂ ਕਿ ਉਨ੍ਹਾਂ ਨੇ ਕੀ ਕੀਤਾ ਜਿਸ ਨਾਲ ਸਾਨੂੰ ਠੇਸ ਪਹੁੰਚੀ ਹੈ। ਅਤੇ ਅਸੀਂ ਇਸ ਨੂੰ ਗੁੱਸੇ, ਠੇਸ, ਬਦਲੇ ਦੀ ਭਾਵਨਾ ਜਾਂ ਬੁਰੀ ਇੱਛਾ ਦੇ ਬਿਨ੍ਹਾਂ ਕਰ ਸਕਦੇ ਹਾਂ। ਅਸੀਂ ਇਸ ਨੂੰ ਪ੍ਰੇਮ ਅਤੇ ਮਾਫੀ ਦੀ ਭਾਵਨਾ ਨਾਲ ਕਰਨ ਵਿੱਚ ਸਮਰੱਥ ਹਾਂ।

## ਪ੍ਰੇਮ ਸਭ ‘ਤੇ ਜਿੱਤ ਪ੍ਰਾਪਤ ਕਰਦਾ ਹੈ

**ਕਹਾਉਤਾਂ 10:12**

**ਵੈਰ ਝਗੜੇ ਛੇੜਦਾ ਹੈ, ਪਰੰਤੂ ਪ੍ਰੇਮ ਸਭਨਾਂ ਅਪਰਾਧਾਂ ਨੂੰ ਢੱਕ ਲੈਂਦਾ ਹੈ।**

**ਕਹਾਉਤਾਂ 17:9**

**ਜਿਹੜਾ ਅਪਰਾਧ ਨੂੰ ਢੱਕ ਲੈਂਦਾ ਹੈ ਉਹ ਪ੍ਰੇਮ ਨੂੰ ਭਾਲਦਾ ਹੈ, ਪਰ ਜੋ ਕਿਸੇ ਗੱਲ ਨੂੰ ਬਾਰ-ਬਾਰ ਛੇੜਦਾ ਹੈ ਉਹ ਜਾਨੀ ਮਿੱਤਰਾਂ ਵਿੱਚ ਫੁੱਟ ਪਾ ਦਿੰਦਾ ਹੈ।**

ਜਦੋਂ ਅਸੀਂ ਕਿਸੇ ਠੋਕਰ ਦੇ ਜਵਾਬ ਵਿੱਚ ਪ੍ਰੇਮ ਵਿੱਚ ਅੱਗੇ ਵੱਧਦੇ ਹਾਂ, ਤਾਂ ਅਸੀਂ ਸਾਨੂੰ ਠੋਕਰ ਖੁਆਉਣ ਵਾਲੇ ਤੋਂ ਬਦਲਾ ਲੈਣ ਦੀ ਨਹੀਂ ਸੋਚ ਰਹੇ ਹੁੰਦੇ ਹਾਂ। ਅਸੀਂ ਉਨ੍ਹਾਂ ਦੀ ਗਲਤੀ ਨੂੰ ਜਾਂ ਜੋ ਵੀ ਉਨ੍ਹਾਂ ਨੇ ਕੀਤਾ ਜਿਸ ਕਾਰਨ ਸਾਨੂੰ ਮਹਿਸੂਸ ਹੁੰਦਾ ਹੈ ਕਿ ਸਾਨੂੰ ਠੋਕਰ ਲੱਗੀ ਹੈ ਉਸ ਨੂੰ ਢੱਕਣ ਦੀ ਕੋਸ਼ਿਸ਼ ਕਰਦੇ ਹਾਂ।

ਅਸੀਂ ਦੂਜੇ ਲੋਕਾਂ ਲਈ ਉਨ੍ਹਾਂ ਬਾਰੇ ਆਪਣੇ ਸ਼ਬਦਾਂ ਬਾਰੇ ਚੌਕਸ ਰਹਿੰਦੇ ਹਾਂ। ਅਸੀਂ ਗੱਲ ਨੂੰ ਇਸ ਤਰੀਕੇ ਨਾਲ ਦੁਹਰਾਉਣ ਤੋਂ ਇਨਕਾਰ ਕਰਦੇ ਹਾਂ ਜੋ ਵਿਗਾੜਦਾ ਹੈ, ਨਿੰਦਾ ਕਰਦਾ ਹੈ ਜਾਂ ਨੀਵਾਂ ਵਿਖਾਉਂਦਾ ਹੈ ਕਿ ਉਹ ਅਸਲ ਵਿੱਚ ਕੌਣ ਹੈ। ਅਸੀਂ ਸਾਵਧਾਨ ਹਾਂ ਕਿ ਸਾਡੇ ਸ਼ਬਦ ਕਿਤੇ ਉਨ੍ਹਾਂ ਅਤੇ ਦੂਜਿਆਂ ਵਿਚਕਾਰ ਦਰਾਰ ਨਾ ਪਾ ਦੇਣ।

ਇਹ ਪ੍ਰੇਮ ਹੈ ਜੋ ਸਭ ਨੂੰ ਜਿੱਤ ਲੈਂਦਾ ਹੈ। ਇਹ ਪ੍ਰੇਮ ਹੈ ਜੋ ਠੋਕਰ ਉੱਤੇ ਜਿੱਤ ਪ੍ਰਾਪਤ ਕਰਦਾ ਹੈ। ਇਹ ਪ੍ਰੇਮ ਉਨ੍ਹਾਂ ਫੰਦਿਆਂ ਅਤੇ ਗ਼ਲਤੀਆਂ ਉੱਤੇ ਜਿੱਤ ਪ੍ਰਾਪਤ ਕਰਦਾ ਹੈ ਜੋ ਦੁਸ਼ਮਣ ਸਾਡੇ ਲਈ ਵਿਛਾਉਣ ਦੀ ਉਡੀਕ ਕਰ ਰਿਹਾ ਸੀ।

## ਪ੍ਰੇਮ ਕਰੋ, ਭਾਵੇਂ ਕੁਝ ਵੀ ਹੋਵੇ

**1 ਯੂਹੰਨਾ 4:11**

**ਹੇ ਪਿਆਰਿਓ, ਜਦੋਂ ਪਰਮੇਸ਼ੁਰ ਨੇ ਸਾਡੇ ਨਾਲ ਇਸ ਪਰਕਾਰ ਪ੍ਰੇਮ ਕੀਤਾ ਤਾਂ ਚਾਹੀਦਾ ਹੈ ਜੋ ਅਸੀਂ ਵੀ ਇੱਕ ਦੂਏ ਨਾਲ ਪ੍ਰੇਮ ਕਰੀਏ।**

ਠੋਕਰ ਦੇ ਸਮੇਂ ਪਰਮੇਸ਼ੁਰ ਦੇ ਪ੍ਰੇਮ ਨਾਲ ਪ੍ਰੇਮ ਕਰਨਾ ਕੋਈ ਛੋਟਾ ਕੰਮ ਨਹੀਂ ਹੈ। ਬਹੁਤ ਸਾਰੇ ਕਾਰਨ ਹਨ ਜਿਨ੍ਹਾਂ ਨਾਲ ਸਾਨੂੰ ਲੱਗਦਾ ਹੈ ਕਿ ਸਾਨੂੰ ਠੋਕਰ ਖੁਆਉਣ ਵਾਲਾ ਸਾਡੇ ਵੱਲੋਂ ਅਜਿਹੀ ਪ੍ਰਤੀਕਿਰਿਆ ਦਾ ਹੱਕਦਾਰ ਨਹੀਂ ਹੈ। ਪਰ ਇਹ ਉਦੋਂ ਹੁੰਦਾ ਹੈ ਜਦੋਂ ਅਸੀਂ ਆਪਣੇ ਆਪ ਨੂੰ ਯਾਦ ਕਰਾਉਂਦੇ ਹਾਂ ਕਿ ਜੇ ਪਰਮੇਸ਼ੁਰ ਸਾਨੂੰ ਅਜਿਹੇ ਅਦੁੱਤੀ ਤਰੀਕੇ ਅਤੇ ਬੇਅੰਤ ਮਾਫ ਨਾਲ ਪ੍ਰੇਮ ਕਰਦਾ ਹੈ, ਤਾਂ ਸਾਡੇ ਕੋਲ ਸਾਡੇ ਠੋਕਰ ਖੁਆਉਣ ਵਾਲੇ ਨੂੰ ਇਸੇ ਤਰ੍ਹਾਂ ਪ੍ਰੇਮ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ। ਅਸੀਂ ਉਸ ਨੂੰ ਪ੍ਰੇਮ ਕਰਦੇ ਹਾਂ ਜਿਸ ਨੇ ਸਾਨੂੰ ਠੋਕਰ ਖੁਆਈ ਹੈ, ਭਾਵੇਂ ਕੁਝ ਵੀ ਹੋਵੇ।

## ਜੁਬਾਨੀ ਨਹੀਂ, ਕਰਨੀ ਤੋਂ ਪ੍ਰੇਮ ਕਰੋ

**1 ਯੂਹੰਨਾ 3:18**

**ਹੇ ਬੱਚਿਓ, ਅਸੀਂ ਗੱਲੀਂ ਅਤੇ ਜੁਬਾਨੀ ਨਹੀਂ ਸਗੋਂ ਕਰਨੀ ਅਤੇ ਸੱਚਿਆਈ ਤੋਂ ਪ੍ਰੇਮ ਕਰੀਏ।**

**ਰੋਮੀਆਂ 12:9**

**ਪ੍ਰੇਮ ਨਿਸ਼ਕਪਟ ਹੋਵੇ ...**

ਇਹ ਸਿਰਫ਼ ਉਹ ਚੀਜ਼ ਨਹੀਂ ਹੈ ਜੋ ਅਸੀਂ ਬੌਧਿਕ ਜਾਂ ਸਿਧਾਂਤਕ ਤੌਰ ‘ਤੇ ਕਹਿੰਦੇ ਹਾਂ, ਪਰ ਕੁਝ ਅਜਿਹਾ ਹੈ ਜੋ ਅਸੀਂ ਅਸਲ ਜੀਵਨ ਵਿੱਚ ਕਰਦੇ ਹਾਂ। ਸਾਡਾ ਪ੍ਰੇਮ ਸੱਚਾ ਹੈ। ਇਹ ਸੱਚ ਹੈ। ਇਹ ਅਸਲੀ ਹੈ। ਇਹ ਸਾਡੇ ਦਿਲਾਂ ਵਿੱਚੋਂ ਵਹਿੰਦਾ ਹੈ। ਇਹ ਅਤੀਤ ਨੂੰ ਮਿਟਾ ਦਿੰਦਾ ਹੈ। ਇਹ ਠੋਕਰ ਖੁਆਉਣ ਵਾਲੇ ਨੂੰ ਉਨ੍ਹਾਂ ਦੀ ਠੋਕਰ ਤੋਂ ਮੁਕਤ ਕਰਦਾ ਹੈ। ਅਸੀਂ ਇਸ ਤਰ੍ਹਾਂ ਜੀਵਨ ਜੀਉਂਦੇ ਹਾਂ।

ਪ੍ਰੇਮ ਨਾ ਸਿਰਫ਼ ਸਾਨੂੰ ਠੋਕਰ ਖੁਆਉਣ ਵਾਲੇ ਤੋਂ ਮੁਕਤ ਕਰਦਾ ਹੈ। ਇਹ ਸਾਨੂੰ ਵੀ ਮੁਕਤ ਕਰਦਾ ਹੈ। ਅਸੀਂ ਸਾਫ਼, ਸ਼ੁੱਧ ਅਤੇ ਅਜ਼ਾਦ ਹਾਂ।

ਪ੍ਰੇਮ ਸਾਨੂੰ ਠੋਕਰ ਦੀ ਰੇਖਾ ਤੋਂ ਉੱਪਰ ਜੀਵਨ ਜੀਉਣ ਲਈ ਅਜ਼ਾਦ ਕਰਦਾ ਹੈ। ਹਮੇਸ਼ਾਂ ਠੋਕਰ ਦੀ ਰੇਖਾ ਤੋਂ ਉੱਪਰ ਜੀਵਨ ਜੀਓ। ਹਮੇਸ਼ਾਂ ਪ੍ਰੇਮ ਵਿੱਚ ਜੀਵਨ ਜੀਓ।

## ਸੋਚ-ਵਿਚਾਰ

1) ਕੀ ਕੋਈ ਹੈ (ਜਾਂ ਕੁਝ ਲੋਕ) ਜਿਸ ਨੇ ਤੁਹਾਨੂੰ ਠੋਕਰ ਖੁਆਈ ਹੈ ਜਿਸ ਨੂੰ ਤੁਹਾਨੂੰ ਪ੍ਰੇਮ ਵਿੱਚ ਛੱਡਣ ਦੀ ਲੋੜ ਹੈ? ਇਸ ਅਧਿਆਇ ਨੂੰ ਪੜ੍ਹਨ ਲਈ ਕੁਝ ਸਮਾਂ ਲਓ ਅਤੇ ਉਸ ਵਿਅਕਤੀ (ਜਾਂ ਲੋਕਾਂ) ਲਈ ਹਰੇਕ ਪ੍ਰੇਮ-ਕਿਰਿਆ ਨੂੰ ਲਾਗੂ ਕਰੋ।

# ਕੀ ਤੁਸੀਂ ਉਸ ਪਰਮੇਸ਼ੁਰ ਨੂੰ ਜਾਣਦੇ ਹੋ ਜਿਹੜਾ ਤੁਹਾਨੂੰ ਪਿਆਰ ਕਰਦਾ ਹੈ?

ਲੱਗਭੱਗ 2000 ਸਾਲ ਪਹਿਲਾਂ, ਪਰਮੇਸ਼ੁਰ ਮਨੁੱਖ ਦੇ ਰੂਪ ਵਿੱਚ ਇਸ ਸੰਸਾਰ ਵਿੱਚ ਆਇਆ ਸੀ। ਉਸਦਾ ਨਾਮ ਯਿਸੂ ਹੈ। ਉਹ ਪੂਰੀ ਤਰ੍ਹਾਂ ਪਾਪ ਰਹਿਤ ਜੀਵਨ ਬਤੀਤ ਕਰਦਾ ਸੀ, ਕਿਉਂਕਿ ਯਿਸੂ ਮਨੁੱਖੀ ਸਰੀਰ ਵਿੱਚ ਪਰਮੇਸ਼ੁਰ ਸੀ, ਜੋ ਉਸਨੇ ਕਿਹਾ ਅਤੇ ਕੀਤਾ ਉਸ ਦੁਆਰਾ ਸਾਡੇ ਵਿਚਕਾਰ ਪਰਮੇਸ਼ੁਰ ਨੂੰ ਪ੍ਰਗਟ ਕਰਦਾ ਸੀ। ਉਸ ਨੇ ਜੋ ਸ਼ਬਦ ਬੋਲੇ, ਉਹ ਖ਼ੁਦ ਪਰਮੇਸ਼ੁਰ ਦੇ ਸ਼ਬਦ ਸਨ। ਉਨ੍ਹਾਂ ਨੇ ਜੋ ਕੰਮ ਕੀਤਾ ਉਹ ਪਰਮੇਸ਼ੁਰ ਦਾ ਕੰਮ ਸੀ। ਯਿਸੂ ਨੇ ਇਸ ਧਰਤੀ ਉੱਤੇ ਬਹੁਤ ਸਾਰੇ ਚਮਤਕਾਰ ਕੀਤੇ। ਉਸ ਨੇ ਬਿਮਾਰਾਂ ਅਤੇ ਦੁਖੀਆਂ ਨੂੰ ਚੰਗਾ ਕੀਤਾ। ਅੰਨ੍ਹਿਆਂ ਨੂੰ ਅੱਖਾਂ ਦਿੱਤੀਆਂ, ਬੋਲਿਆਂ ਦੇ ਕੰਨ ਖੋਲ੍ਹੇ, ਲੰਗੜਿਆਂ ਨੂੰ ਚਲਾਇਆ ਅਤੇ ਹਰ ਤਰ੍ਹਾਂ ਦੀ ਬਿਮਾਰੀ ਅਤੇ ਰੋਗ ਨੂੰ ਚੰਗਾ ਕੀਤਾ। ਉਸ ਨੇ ਚਮਤਕਾਰੀ ਢੰਗ ਨਾਲ ਕਈਆਂ ਨੂੰ ਰੋਟੀਆਂ ਨਾਲ ਖੁਆਇਆ। ਤੂਫਾਨ ਨੂੰ ਸ਼ਾਂਤ ਕੀਤਾ ਅਤੇ ਹੋਰ ਬਹੁਤ ਸਾਰੇ ਅਦਭੁੱਤ ਕੰਮ ਕੀਤੇ।

**ਇਹ ਸਾਰੀਆਂ ਕਾਰਵਾਈਆਂ ਸਾਡੇ 'ਤੇ ਪ੍ਰਗਟ ਕਰਦੀਆਂ ਹਨ ਕਿ ਪਰਮੇਸ਼ੁਰ ਇੱਕ ਚੰਗਾ ਪਰਮੇਸ਼ੁਰ ਹੈ ਜੋ ਚਾਹੁੰਦਾ ਹੈ ਕਿ ਇਨਸਾਨ ਚੰਗੇ, ਸਿਹਤਮੰਦ ਅਤੇ ਖੁਸ਼ ਰਹਿਣ। ਪਰਮੇਸ਼ੁਰ ਮਨੁੱਖ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨਾ ਚਾਹੁੰਦਾ ਹੈ।**

ਪਰਮੇਸ਼ੁਰ ਨੇ ਮਨੁੱਖ ਦੇ ਰੂਪ ਵਿੱਚ ਇਸ ਧਰਤੀ ਉੱਤੇ ਆਉਣ ਦਾ ਫੈਸਲਾ ਕਿਉਂ ਕੀਤਾ? ਯਿਸੂ ਇਸ ਸੰਸਾਰ ਵਿੱਚ ਕਿਉਂ ਆਇਆ?

ਅਸੀਂ ਸਾਰਿਆਂ ਨੇ ਪਾਪ ਕੀਤਾ ਹੈ ਅਤੇ ਉਹ ਕੰਮ ਕੀਤੇ ਹਨ ਜਿਹੜੇ ਉਸ ਪਰਮੇਸ਼ੁਰ ਦੇ ਅੱਗੇ ਮਨਜ਼ੂਰ ਨਹੀਂ ਹਨ ਜਿਸਨੇ ਸਾਨੂੰ ਬਣਾਇਆ ਹੈ। ਪਾਪ ਦੇ ਨਤੀਜੇ ਹਨ, ਪਾਪ ਪਰਮੇਸ਼ੁਰ ਅਤੇ ਸਾਡੇ ਵਿਚਕਾਰ ਇੱਕ ਵੱਡੀ ਕੰਧ ਖੜ੍ਹੀ ਕਰਦਾ ਹੈ। ਪਾਪ ਸਾਨੂੰ ਪਰਮੇਸ਼ੁਰ ਤੋਂ ਵੱਖ ਕਰਦਾ ਹੈ। ਇਹ ਸਾਨੂੰ ਉਸ ਨੂੰ ਜਾਣਨ ਅਤੇ ਉਸ ਨਾਲ ਇੱਕ ਅਰਥਪੂਰਨ ਰਿਸ਼ਤਾ ਰੱਖਣ ਤੋਂ ਰੋਕਦਾ ਹੈ ਜਿਸਨੇ ਸਾਨੂੰ ਬਣਾਇਆ ਹੈ। ਇਸ ਲਈ, ਸਾਡੇ ਵਿੱਚੋਂ ਬਹੁਤ ਸਾਰੇ ਇਸ ਖਾਲੀ ਥਾਂ ਨੂੰ ਹੋਰ ਚੀਜ਼ਾਂ ਨਾਲ ਭਰਨਾ ਚਾਹੁੰਦੇ ਹਨ।

ਸਾਡੇ ਪਾਪ ਦਾ ਇੱਕ ਹੋਰ ਨਤੀਜਾ ਇਹ ਹੈ ਕਿ ਅਸੀਂ ਹਮੇਸ਼ਾਂ ਲਈ ਪਰਮੇਸ਼ੁਰ ਤੋਂ ਵੱਖ ਹੋ ਗਏ ਹਾਂ। ਪਰਮੇਸ਼ੁਰ ਦੀ ਅਦਾਲਤ ਵਿੱਚ, ਪਾਪ ਦੀ ਸਜ਼ਾ ਮੌਤ ਹੈ। ਮੌਤ ਪਰਮੇਸ਼ੁਰ ਤੋਂ ਸਦੀਪਕ ਵਿਛੋੜਾ ਹੈ ਜੋ ਸਾਨੂੰ ਨਰਕ ਵਿੱਚ ਬਿਤਾਉਣਾ ਪਏਗਾ।

ਪਰ ਚੰਗੀ ਖ਼ਬਰ ਇਹ ਹੈ ਕਿ ਅਸੀਂ ਪਾਪ ਤੋਂ ਮੁਕਤ ਹੋ ਸਕਦੇ ਹਾਂ ਅਤੇ ਪਰਮੇਸ਼ੁਰ ਨਾਲ ਰਿਸ਼ਤਾ ਜੋੜ ਸਕਦੇ ਹਾਂ। ਬਾਈਬਲ ਕਹਿੰਦੀ ਹੈ, "***ਪਾਪ ਦੀ ਮਜ਼ੂਰੀ***

***ਤਾਂ ਮੌਤ ਹੈ ਪਰ ਪਰਮੇਸ਼ੁਰ ਦੀ ਬਖ਼ਸ਼ੀਸ਼ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ ਸਦੀਪਕ ਜੀਵਨ ਹੈ"* (ਰੋਮੀਆਂ 6:23)**। ਯਿਸੂ ਨੇ ਸਾਰੀ ਦੁਨੀਆਂ ਦੇ ਪਾਪਾਂ ਦੀ ਕੀਮਤ ਅਦਾ ਕੀਤੀ ਜਦੋਂ ਉਹ ਸਲੀਬ ਉੱਤੇ ਮਰਿਆ। ਫਿਰ, ਤੀਜੇ ਦਿਨ ਉਹ ਜੀਉਂਦਾ ਹੋ ਗਿਆ ਅਤੇ ਆਪਣੇ ਆਪ ਨੂੰ ਬਹੁਤਿਆਂ ਨੂੰ ਜੀਉਂਦਾ ਦਿਖਾਇਆ ਅਤੇ ਫਿਰ ਸਵਰਗ ਨੂੰ ਵਾਪਿਸ ਚਲਾ ਗਿਆ।

ਪਰਮੇਸ਼ੁਰ ਪਿਆਰ ਅਤੇ ਦਇਆ ਦਾ ਪਰਮੇਸ਼ੁਰ ਹੈ। ਉਹ ਨਹੀਂ ਚਾਹੁੰਦਾ ਕਿ ਕੋਈ ਵੀ ਨਰਕ ਵਿੱਚ ਨਾਸ਼ ਹੋਵੇ। ਇਸ ਲਈ, ਉਹ ਸਾਰੀ ਮਨੁੱਖਜਾਤੀ ਨੂੰ ਪਾਪ ਅਤੇ ਇਸ ਦੇ ਸਦੀਪਕ ਨਤੀਜਿਆਂ ਤੋਂ ਛੁਡਾਉਣ ਲਈ ਆਇਆ ਸੀ। ਉਹ ਪਾਪੀਆਂ ਨੂੰ ਬਚਾਉਣ ਲਈ ਆਇਆ ਸੀ—ਤੁਹਾਡੇ ਅਤੇ ਮੇਰੇ ਵਰਗੇ ਲੋਕਾਂ ਨੂੰ ਪਾਪ ਅਤੇ ਸਦੀਪਕ ਮੌਤ ਤੋਂ ਬਚਾਉਣ ਲਈ ਆਇਆ ਸੀ।

ਪਾਪ ਦੀ ਮੁਫ਼ਤ ਮਾਫ਼ੀ ਪ੍ਰਾਪਤ ਕਰਨ ਲਈ, ਬਾਈਬਲ ਸਾਨੂੰ ਦੱਸਦੀ ਹੈ ਕਿ ਸਾਨੂੰ ਸਿਰਫ਼ ਉਹੀ ਕਰਨਾ ਹੈ—ਜੋ ਉਸਨੇ ਸਲੀਬ ਉੱਤੇ ਕੀਤਾ ਸੀ ਅਤੇ ਉਸ ਵਿੱਚ ਆਪਣੇ ਸਾਰੇ ਦਿਲਾਂ ਨਾਲ ਵਿਸ਼ਵਾਸ ਕਰਨਾ ਹੈ।

***"... ਕਿ ਜੋ ਕੋਈ ਉਹ ਦੇ ਉੱਤੇ ਨਿਹਚਾ ਕਰੇ ਸੋ ਉਹ ਦੇ ਨਾਮ ਕਰਕੇ ਪਾਪਾਂ ਦੀ ਮਾਫ਼ੀ ਪਾਵੇਗਾ"* (ਰਸੂਲਾਂ ਦੇ ਕਰਤੱਬ 10:43)।**

***"ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ"* (ਰੋਮੀਆਂ 10:9)।**

ਜੇਕਰ ਤੁਸੀਂ ਪ੍ਰਭੂ ਮਸੀਹ ਵਿੱਚ ਵਿਸ਼ਵਾਸ ਕਰਦੇ ਹੋ ਤਾਂ ਤੁਸੀਂ ਵੀ ਆਪਣੇ ਪਾਪਾਂ ਤੋਂ ਮਾਫ਼ੀ ਅਤੇ ਛੁਟਕਾਰਾ ਪਾ ਸਕਦੇ ਹੋ।

ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰਨ ਅਤੇ ਸਲੀਬ ਦੇ ਕੰਮ ਵਿੱਚ ਵਿਸ਼ਵਾਸ ਕਰਨ ਲਈ ਹੇਠਾਂ ਦਿੱਤੀ ਇੱਕ ਸਧਾਰਨ ਪ੍ਰਾਰਥਨਾ ਹੈ, ਜੋ ਪ੍ਰਭੂ ਯਿਸੂ ਮਸੀਹ ਨੇ ਤੁਹਾਡੇ ਲਈ ਕੀਤੀ ਸੀ। ਇਹ ਪ੍ਰਾਰਥਨਾ ਯਿਸੂ ਦੇ ਕੰਮ ਨੂੰ ਸਵੀਕਾਰ ਕਰਕੇ ਤੁਹਾਡੇ ਪਾਪਾਂ ਦੀ ਮਾਫ਼ੀ ਅਤੇ ਮੁਕਤੀ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰੇਗੀ। ਇਹ ਪ੍ਰਾਰਥਨਾ ਸਿਰਫ਼ ਇੱਕ ਅਗਵਾਈ ਹੈ। ਤੁਸੀਂ ਆਪਣੇ ਸ਼ਬਦਾਂ ਵਿੱਚ ਵੀ ਪ੍ਰਾਰਥਨਾ ਕਰ ਸਕਦੇ ਹੋ।

*ਪਿਆਰੇ ਪ੍ਰਭੂ ਯਿਸੂ, ਅੱਜ, ਮੈਂ ਸਮਝ ਗਿਆ ਹਾਂ ਕਿ ਤੁਸੀਂ ਸਲੀਬ ਉੱਤੇ ਮੇਰੇ ਲਈ ਕੀ ਕੀਤਾ ਸੀ। ਤੁਸੀਂ ਮੇਰੇ ਲਈ ਮਾਰੇ ਗਏ, ਤੁਸੀਂ ਆਪਣਾ ਕੀਮਤੀ ਖ਼ੂਨ ਵਹਾਇਆ ਅਤੇ ਮੇਰੇ ਪਾਪਾਂ ਦੀ ਕੀਮਤ ਅਦਾ ਕੀਤੀ ਤਾਂ ਜੋ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ*

ਮਿਲ ਸਕੇ। ਬਾਈਬਲ ਮੈਨੂੰ ਦੱਸਦੀ ਹੈ ਕਿ ਜੋ ਕੋਈ ਵੀ ਤੁਹਾਡੇ ਵਿੱਚ ਵਿਸ਼ਵਾਸ ਕਰਦਾ ਹੈ ਉਸਦੇ ਲਈ ਪਾਪਾਂ ਦੀ ਮਾਫ਼ੀ ਹੈ।

ਅੱਜ, ਮੈਂ ਤੁਹਾਡੇ ਵਿੱਚ ਵਿਸ਼ਵਾਸ ਕਰਨ ਦਾ ਫੈਸਲਾ ਕਰਦਾ ਹਾਂ ਅਤੇ ਜੋ ਤੁਸੀਂ ਮੇਰੇ ਲਈ ਕੀਤਾ ਹੈ ਉਸਨੂੰ ਕਬੂਲ ਕਰਨ ਦਾ ਫੈਸਲਾ ਕਰਦਾ ਹਾਂ, ਕਿ ਤੁਸੀਂ ਸਲੀਬ ਉੱਤੇ ਮਰ ਗਏ ਅਤੇ ਦੁਬਾਰਾ ਜੀਅ ਉੱਠੇ। ਮੈਂ ਜਾਣਦਾ ਹਾਂ ਕਿ ਮੈਂ ਚੰਗੇ ਕੰਮਾਂ ਦੁਆਰਾ ਆਪਣੇ ਆਪ ਨੂੰ ਨਹੀਂ ਬਚਾਅ ਸਕਦਾ। ਮੈਂ ਆਪਣੇ ਗ਼ੁਨਾਹਾਂ ਦੀ ਮਾਫ਼ੀ ਨਹੀਂ ਕਮਾ ਸਕਦਾ।

ਅੱਜ, ਮੈਂ ਆਪਣੇ ਦਿਲ ਵਿੱਚ ਵਿਸ਼ਵਾਸ ਕਰਦਾ ਹਾਂ ਅਤੇ ਆਪਣੇ ਮੂੰਹ ਨਾਲ ਕਹਿੰਦਾ ਹਾਂ ਕਿ ਤੁਸੀਂ ਮੇਰੇ ਲਈ ਮਾਰੇ ਗਏ ਹੋ। ਤੁਸੀਂ ਮੇਰੇ ਪਾਪਾਂ ਦੀ ਸਜ਼ਾ ਦਾ ਭੁਗਤਾਨ ਕੀਤਾ ਹੈ। ਤੁਸੀਂ ਮੁਰਦਿਆਂ ਵਿੱਚੋਂ ਜੀਅ ਉੱਠੇ ਹੋ ਅਤੇ ਤੁਹਾਡੇ ਵਿੱਚ ਵਿਸ਼ਵਾਸ ਕਰਕੇ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਅਤੇ ਪਾਪਾਂ ਤੋਂ ਛੁਟਕਾਰਾ ਮਿਲਦਾ ਹੈ।

ਪ੍ਰਭੂ ਯਿਸੂ ਤੁਹਾਡਾ ਧੰਨਵਾਦ। ਮੇਰੀ ਮਦਦ ਕਰੋ ਕਿ ਮੈਂ ਤੁਹਾਨੂੰ ਪਿਆਰ ਕਰ ਸਕਾਂ। ਤੁਹਾਨੂੰ ਹੋਰ ਜਾਣ ਸਕਾਂ ਅਤੇ ਤੁਹਾਡੇ ਪ੍ਰਤੀ ਵਿਸ਼ਵਾਸਯੋਗ ਰਹਾਂ। ਆਮੀਨ।

# ਆਲ ਪੀਪਲਜ਼ ਚਰਚ ਦੇ ਬਾਰੇ

ਆਲ ਪੀਪਲਜ਼ ਚਰਚ ਦਾ ਦਰਸ਼ਨ ਬੈਂਗਲੋਰ ਸ਼ਹਿਰ ਵਿੱਚ ਲੂਣ ਅਤੇ ਚਾਨਣ ਬਣਨਾ, ਅਤੇ ਪੂਰੇ ਦੇਸ਼ ਅਤੇ ਸੰਸਾਰ ਦੇ ਰਾਸ਼ਟਰਾਂ ਦੇ ਲਈ ਇੱਕ ਅਵਾਜ਼ ਬਣਨਾ ਹੈ।

ਆਲ ਪੀਪਲਜ਼ ਚਰਚ **ਯਿਸੂ ਨੂੰ ਪਿਆਰ ਕਰਨ ਵਾਲੀ, ਵਚਨ 'ਤੇ ਕੇਂਦਰਿਤ**, **ਆਤਮਾ ਨਾਲ ਭਰਪੂਰ**, ਪਰਿਵਾਰਿਕ ਚਰਚ, ਸਿਖਲਾਈ ਕੇਂਦਰ, ਇੱਕ ਉਦੇਸ਼ਾਂ 'ਤੇ ਅਧਾਰਿਤ ਅਤੇ ਸੰਸਾਰ ਵਿੱਚ ਪ੍ਰਚਾਰ ਕਰਨ ਵਾਲੀ ਕਲੀਸਿਆ ਹੈ।

- ਇੱਕ **ਪਰਿਵਾਰਿਕ ਕਲੀਸਿਆ** ਦੇ ਤੌਰ 'ਤੇ, ਅਸੀਂ ਮਸੀਹ 'ਤੇ ਕੇਂਦਰਿਤ, ਸਮਾਜ ਦੀ ਸੇਵਾ ਕਰਨ ਅਤੇ ਧਿਆਨ ਰੱਖਣ ਵਾਲੇ ਪਰਮੇਸ਼ੁਰ ਦੇ ਝੁੰਡ ਦੇ ਰੂਪ ਵਿੱਚ ਮਿਲ ਕੇ ਵੱਧ ਰਹੇ ਹਾਂ।
- ਇੱਕ **ਸਿਖਲਾਈ ਕੇਂਦਰ** ਦੇ ਤੌਰ 'ਤੇ, ਅਸੀਂ ਹਰੇਕ ਵਿਸ਼ਵਾਸੀ ਨੂੰ ਜੇਤੂ, ਮਸੀਹ ਦੀ ਸਮਾਨਤਾ ਵਿੱਚ ਸਿਆਣੇ ਅਤੇ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੇ ਮਕਸੱਦ ਨੂੰ ਪੂਰਾ ਕਰਨ ਦੇ ਸਮਰੱਥ ਅਤੇ ਯੋਗ ਬਣਾਉਂਦੇ ਹਾਂ।
- ਇੱਕ **ਮਿਸ਼ਨ ਅਧਾਰ** ਦੇ ਤੌਰ 'ਤੇ, ਅਸੀਂ ਸਾਡੇ ਸ਼ਹਿਰ, ਦੇਸ਼ ਅਤੇ ਵਿਦੇਸ਼ਾਂ ਨੂੰ ਪਰਮੇਸ਼ੁਰ ਦੇ ਵਚਨ ਅਤੇ ਪਵਿੱਤਰ ਆਤਮਾ ਦੇ ਅਲੌਕਿਕ ਪ੍ਰਗਟੀਕਰਣ ਦੀ ਸ਼ਕਤੀ ਦੁਆਰਾ ਮਸੀਹ ਦੀ ਪੂਰਨ ਖ਼ੁਸ਼ਖਬਰੀ ਨਾਲ ਬਰਕਤ ਦੇਣ ਦਾ ਕੰਮ ਕਰਦੇ ਹਾਂ।
- ਇੱਕ **ਵਰਲਡ ਆਊਟਰਿਚ** ਦੇ ਤੌਰ 'ਤੇ, ਅਸੀਂ ਸਥਾਨਕ ਅਤੇ ਵਿਸ਼ਵ-ਪੱਧਰ 'ਤੇ ਖਰ੍ਹੇ ਆਗੂਆਂ ਅਤੇ ਆਤਮਾ ਨਾਲ ਭਰਪੂਰ ਕਲੀਸਿਆਵਾਂ ਨੂੰ ਪੋਸ਼ਣ ਦੇਣ ਦੀ ਸੇਵਾ ਕਰਦੇ ਹਾਂ ਜੋ ਕਿ ਪਰਮੇਸ਼ੁਰ ਦੇ ਰਾਜ ਲਈ ਆਪਣੇ ਇਲਾਕਿਆਂ 'ਤੇ ਪ੍ਰਭਾਵਸ਼ਾਲੀ ਹੋ ਸਕਣ।

ਏ ਪੀ ਸੀ ਵਿੱਚ, ਅਸੀਂ ਪਰਮੇਸ਼ੁਰ ਦਾ ਵਚਨ ਬਿਨ੍ਹਾਂ ਕਿਸੇ ਸਮਝੌਤੇ ਦੇ, ਪਵਿੱਤਰ ਆਤਮਾ ਦੇ ਮਸਹ ਅਤੇ ਪ੍ਰਕਾਸ਼ ਦੇ ਨਾਲ ਪੇਸ਼ ਕਰਨ ਲਈ ਸਮਰਪਿਤ ਹਾਂ। ਸਾਡਾ ਵਿਸ਼ਵਾਸ ਹੈ ਕਿ ਚੰਗਾ ਸੰਗੀਤ, ਰਚਨਾਤਮਕ ਪੇਸ਼ਗੀ, ਅਕਲਮੰਦੀ ਨਾਲ ਪੱਖ ਸਮਰਥਨ, ਸਮਕਾਲੀ ਸੇਵਕਾਈਆਂ ਦੀਆਂ ਤਕਨੀਕਾਂ, ਆਧੁਨਿਕ ਟੈਕਨਾਲੋਜੀ ਆਦਿ ਪਵਿੱਤਰ ਆਤਮਾ ਦੇ ਚਿੰਨ੍ਹਾਂ, ਚਮਤਕਾਰਾਂ, ਅਦਭੁੱਤ ਕੰਮਾਂ ਅਤੇ ਪਵਿੱਤਰ ਆਤਮਾ ਦੇ ਵਰਦਾਨਾਂ ਨਾਲ ਵਚਨ ਦੀ ਮੁਨਾਦੀ ਕਰਨ ਵਾਲੇ ਪਰਮੇਸ਼ੁਰ ਦੁਆਰਾ ਨਿਯੁਕਤ ਕੀਤੇ ਗਏ ਤਰੀਕੇ ਦਾ ਥਾਂ ਨਹੀਂ ਲੈ ਸਕਦੇ (1 ਕੁਰਿੰਥੀਆਂ 2:4,5; ਇਬਰਾਨੀਆਂ 2:3,4)। ਸਾਡਾ ਵਿਸ਼ਾ ਯਿਸੂ ਹੈ, ਸਾਡੇ ਵਿਸ਼ੇ ਦਾ ਉਦੇਸ਼ ਵਚਨ ਹੈ, ਸਾਡਾ ਤਰੀਕਾ ਪਵਿੱਤਰ ਆਤਮਾ ਦੀ ਸਮਰੱਥਾ ਹੈ, ਸਾਡਾ ਜਨੂੰਨ ਲੋਕ ਹਨ ਅਤੇ ਸਾਡਾ ਮਕਸੱਦ ਮਸੀਹ ਦੇ ਸਰੂਪ ਵਿੱਚ ਸਿੱਧ ਬਣਨਾ ਹੈ।

ਸਾਡਾ ਮੁੱਖ ਦਫ਼ਤਰ ਬੈਂਗਲੋਰ ਵਿਖੇ ਹੈ, ਪਰ ਆਲ ਪੀਪਲਜ਼ ਚਰਚ ਦੀਆਂ ਭਾਰਤ ਵਿੱਚ ਹੋਰ ਕਈ ਥਾਵਾਂ 'ਤੇ ਸ਼ਾਖਾਵਾਂ ਹਨ। ਆਲ ਪੀਪਲਜ਼ ਚਰਚ ਦੀ ਵਰਤਮਾਨ ਸੂਚੀ ਅਤੇ ਸੰਪਰਕ ਸੂਚਨਾ ਦੇ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ **apcwo.org/locations** ਜਾਂ ਸਾਨੂੰ **contact@apcwo.org** 'ਤੇ ਈ-ਮੇਲ ਭੇਜੋ।

# ਸਾਡੇ ਮੁਫ਼ਤ ਪ੍ਰਕਾਸ਼ਨ

A Church in Revival
A Real Place Called Heaven
A Time for Every Purpose
Ancient Landmarks
Baptism in the Holy Spirit
Being Spiritually Minded and Earthly Wise
Biblical Attitude Towards Work
Breaking Personal and Generational Bondages Change
Code of Honor
Divine Favor
Divine Order in the Citywide Church
Don't Compromise Your Calling
Don't Lose Hope
Equipping the Saints
Foundations (Track 1)
Fulfilling God's Purpose for Your Life
Gifts of the Holy Spirit
Giving Birth to the Purposes of God
God Is a Good God
God's Word—The Miracle Seed
How to Help Your Pastor
Integrity
Kingdom Builders
Laying the Axe to the Root
Living Life Without Strife
Marriage and Family
Ministering Healing and Deliverance
Offenses—Don't Take Them
Open Heavens
Our Redemption
Receiving God's Guidance
Revivals, Visitations and Moves of God
Shhh! No Gossip!
Speak Your Faith
The Conquest of the Mind
The Father's Love
The House of God
The Kingdom of God
The Mighty Name of Jesus
The Night Seasons of Life
The Power of Commitment
The Presence of God
The Redemptive Heart of God
The Refiner's Fire
The Spirit of Wisdom, Revelation and Power
The Wonderful Benefits of Speaking in Tongues
Timeless Principles for the Workplace
Understanding the Prophetic
Water Baptism
We Are Different
Who We Are in Christ
Women in the Workplace
Work Its Original Design

ਸਾਡੀਆਂ ਨਵੀਆਂ ਪੁਸਤਕਾਂ ਲਗਾਤਾਰ ਜਾਰੀ ਹੁੰਦੀਆਂ ਰਹਿੰਦੀਆਂ ਹਨ। ਪੁਸਤਕਾਂ ਨੂੰ ਪੀ ਡੀ ਐੱਫ ਆਡੀਓ ਅਤੇ ਦੂਸਰੇ ਫਾਰਮੈਟਾਂ ਵਿੱਚ ਮੁਫ਼ਤ ਪ੍ਰਾਪਤ ਕਰਨ ਦੇ ਲਈ ਸਾਡੀ ਵੈੱਬਸਾਈਟ **apcwo.org/books** ਤੋਂ ਡਾਊਨਲੋਡ ਕਰੋ। ਇਹ ਸਾਰੀਆਂ ਕਿਤਾਬਾਂ ਹੋਰ ਭਾਸ਼ਾਵਾਂ ਵਿੱਚ ਵੀ ਉਪਲੱਬਧ ਹਨ। ਮੁਫ਼ਤ ਆਡੀਓ ਅਤੇ ਵੀਡੀਓ ਪ੍ਰਚਾਰ, ਪ੍ਰਚਾਰ ਦੀਆਂ ਟਿੱਪਣੀਆਂ ਅਤੇ ਹੋਰ ਵਾਧੂ ਸਾਧਨਾਂ ਨੂੰ ਪ੍ਰਾਪਤ ਕਰਨ ਦੇ ਲਈ ਤੁਸੀਂ **apcwo.org/sermons** ਤੋਂ ਡਾਊਨਲੋਡ ਕਰ ਸਕਦੇ ਹੋ।

# ਕ੍ਰਿਸਲਿਸ ਕਾਊਂਸਲਿੰਗ

ਕ੍ਰਿਸਲਿਸ ਕਾਊਂਸਲਿੰਗ ਵਿਅਕਤੀਗਤ ਤੌਰ 'ਤੇ ਸਲਾਹ ਮਸ਼ਵਰਾ ਦੇ ਕੇ ਲੋਕਾਂ ਦੀ ਮਦਦ ਕਰਦੀ ਹੈ ਤਾਂ ਕਿ ਉਹ ਆਪਣੀ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਉਨ੍ਹਾਂ ਉੱਪਰ ਜਿੱਤ ਪ੍ਰਾਪਤ ਕਰਨ। ਕ੍ਰਿਸਲਿਸ ਕਾਊਂਸਲਿੰਗ ਪੇਸ਼ੇਵਰ ਸਿਖਲਾਈ ਪਾਏ ਅਤੇ ਤਜ਼ਰਬੇਕਾਰ ਸਲਾਹਕਾਰਾਂ ਦੀ ਇੱਕ ਟੀਮ ਹੈ।

ਸਾਡੀਆਂ ਸੇਵਾਵਾਂ ਹਰ ਉਮਰ ਦੇ ਲੋਕਾਂ ਦੀਆਂ ਜ਼ਿੰਦਗੀਆਂ ਦੀਆਂ ਸਭ ਤਰ੍ਹਾਂ ਦੀਆਂ ਚੁਣੌਤੀਆਂ ਦਾ ਹੱਲ ਕਰਨ ਬਾਰੇ ਹਨ।

**ਕਿਸ਼ੋਰਾਂ ਲਈ**

**ਵਿਅਕਤੀਗਤ ਤਬਦੀਲੀਆਂ**

**ਰਿਸ਼ਤਿਆਂ ਦੀਆਂ ਚੁਣੌਤੀਆਂ**

**ਵਿੱਦਿਅਕ ਘੱਟ ਪ੍ਰਾਪਤੀਆਂ**

**ਕੰਮਕਾਜੀ ਮੁੱਦੇ**

**ਪਰਿਵਾਰ/ਪਤੀ-ਪਤਨੀ: ਵਿਆਹ ਤੋਂ ਪਹਿਲਾਂ, ਵਿਆਹੁਤਾ**

**ਮਾਪੇ/ਬੱਚੇ/ ਭੈਣ-ਭਰਾ/ਹਾਣੀ**

**ਵਿਹਾਰ ਵਿੱਚ ਗੜਬੜੀਆਂ**

**ਸ਼ਖਸੀਅਤ ਸੰਬੰਧੀ ਗੜਬੜੀਆਂ**

**ਮਨੋਵਿਗਿਆਨਿਕ/ਭਾਵਨਾਤਮਕ ਸਮੱਸਿਆਵਾਂ**

**ਤਨਾਅ/ਸਦਮਾ**

**ਸ਼ਰਾਬਖੋਰੀ/ਨਸ਼ਾਖੋਰੀ**

**ਆਤਮਿਕ ਮੁੱਦੇ**

**ਜੀਵਨ ਸਿਖਲਾਈ**

ਕ੍ਰਿਸਲਿਸ ਕਾਊਂਸਲਿੰਗ ਦੀਆਂ ਸੇਵਾਵਾਂ ਪਹੁੰਚ ਯੋਗ ਅਤੇ ਕਿਫ਼ਾਇਤੀ ਹਨ।

ਸਾਡੇ ਤਜ਼ਰਬੇਕਾਰਾਂ ਨਾਲ ਮਿਲਣ ਦੀ ਸਾਰਨੀ ਲੈਣ ਲਈ:

**ਵੈੱਬਸਾਈਟ: chrysalislife.org**
**ਫੋਨ:** +91-80-25452617 ਜਾਂ (ਭਾਰਤ ਵਿੱਚ) ਟੋਲ-ਫ੍ਰੀ 1-800-300-00998
**ਈ-ਮੇਲ: counselor@chrysalislife.org**

ਕ੍ਰਿਸਲਿਸ ਕਾਊਂਸਲਿੰਗ ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰਿਚ ਦੀ ਇੱਕ ਸੇਵਕਾਈ ਹੈ।

# ਆਲ ਪੀਪਲਜ਼ ਚਰਚ ਨਾਲ ਸਾਂਝੇਦਾਰੀ ਕਰੋ

ਆਲ ਪੀਪਲਜ਼ ਚਰਚ ਸਥਾਨਕ ਕਲੀਸਿਆ ਦੇ ਰੂਪ ਵਿੱਚ ਪੂਰੇ ਭਾਰਤ ਵਿੱਚ ਖ਼ੁਸ਼ਖਬਰੀ ਦਾ ਪ੍ਰਚਾਰ ਕਰਦੇ ਹੋਏ, ਖ਼ਾਸ ਕਰਕੇ ਉੱਤਰੀ ਭਾਰਤ ਵਿੱਚ, ਉਸ ਦੀਆਂ ਹੱਦਾਂ ਤੋਂ ਬਾਹਰ ਸੇਵਾ ਕਰਦੀ ਹੈ। ਉਸਦਾ ਵਿਸ਼ੇਸ਼ ਟੀਚਾ (ੳ) ਆਗੂਆਂ ਨੂੰ ਦ੍ਰਿੜ੍ਹ ਕਰਨਾ (ਅ) ਜਵਾਨਾਂ ਨੂੰ ਸੇਵਕਾਈ ਲਈ ਉਤਸ਼ਾਹਿਤ ਕਰਨਾ (ੲ) ਮਸੀਹ ਦੀ ਦੇਹ ਦੀ ਉੱਨਤੀ ਕਰਨਾ ਹੈ। ਜਵਾਨਾਂ ਲਈ ਕਈ ਸਿੱਖਿਆ ਸੰਮੇਲਨ, ਮਸੀਹੀ ਆਗੂਆਂ ਲਈ ਸਭਾਵਾਂ ਦਾ ਸਾਲ ਭਰ ਆਯੋਜਨ ਕੀਤਾ ਜਾਂਦਾ ਹੈ। ਇਸਦੇ ਦੌਰਾਨ ਕਿਤਾਬਾਂ ਦੀਆਂ ਕਈ ਹਜ਼ਾਰ ਕਾਪੀਆਂ ਅੰਗਰੇਜ਼ੀ ਵਿੱਚ ਅਤੇ ਹੋਰ ਕਈ ਭਾਰਤੀ ਭਾਸ਼ਾਵਾਂ ਵਿੱਚ ਬਿਨ੍ਹਾਂ ਕਿਸੇ ਮੁੱਲ ਦੇ ਵੰਡੀਆਂ ਜਾਂਦੀਆਂ ਹਨ, ਉਸ ਦੇ ਪਿੱਛੇ ਇਹ ਉਦੇਸ਼ ਹੈ ਕਿ ਵਿਸ਼ਵਾਸੀਆਂ ਨੂੰ ਵਚਨ ਅਤੇ ਆਤਮਾ ਵਿੱਚ ਤਰੱਕੀ ਪ੍ਰਦਾਨ ਕਰੇ।

ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਇੱਕ ਸਮੇਂ ਦਾ ਦਾਨ ਭੇਜ ਕੇ ਜਾਂ ਮਹੀਨਾਵਾਰ ਆਰਥਿਕ ਦਾਨ ਭੇਜ ਕੇ ਆਰਥਿਕ ਰੂਪ ਵਿੱਚ ਸਾਡੇ ਨਾਲ ਸਾਂਝੇਦਾਰੀ ਕਰੋ। ਪੂਰੇ ਰਾਸ਼ਟਰ ਵਿੱਚ ਇਸ ਕੰਮ ਲਈ ਜੋ ਵੀ ਰਕਮ ਤੁਸੀਂ ਭੇਜ ਸਕਦੇ ਹੋ, ਉਸਦੇ ਪ੍ਰਤੀ ਅਸੀਂ ਤੁਹਾਡੇ ਧੰਨਵਾਦੀ ਰਹਾਂਗੇ।

ਤੁਸੀਂ ਆਪਣੇ ਦਾਨ ਚੈੱਕ/ ਬੈਂਕ ਡ੍ਰਾਫਟ ਦੇ ਮਾਧਿਅਮ ਨਾਲ "ਆਲ ਪੀਪਲਜ਼ ਚਰਚ" ਦੇ ਨਾਮ ਉੱਤੇ ਸਾਡੇ ਦਫ਼ਤਰ ਦੇ ਪਤੇ ਉੱਤੇ ਭੇਜ ਸਕਦੇ ਹੋ ਜਾਂ ਸਾਡੇ ਬੈਂਕ ਖਾਤੇ ਦੇ ਵੇਰਵੇ ਦੀ ਵਰਤੋਂ ਕਰਕੇ ਤੁਸੀਂ ਆਪਣਾ ਯੋਗਦਾਨ ਸਿੱਧਾ ਬੈਂਕ ਵਿੱਚ ਪਾ ਸਕਦੇ ਹੋ।

**Account Name:** All People Church
**Account Numer:** 50200068829058
**IFSC Code:** HDFC0004367
**Bank:** HDFC Bank, 7M/308 80 Ft Rd, HRBR Layout, Kalyan Nagar, Bengaluru, 560043, Karnataka, India

**ਕਿਰਪਾ ਕਰਕੇ ਧਿਆਨ ਦਿਓ:** *ਆਲ ਪੀਪਲਜ਼ ਚਰਚ ਸਿਰਫ਼ ਭਾਰਤੀ ਨਾਗਰਿਕਾਂ ਦੇ ਬੈਂਕ ਯੋਗਦਾਨ ਸਵੀਕਾਰ ਕਰਦੀ ਹੈ। ਆਪਣਾ ਯੋਗਦਾਨ ਭੇਜਦੇ ਸਮੇਂ, ਤੁਸੀਂ ਸਪੱਸ਼ਟ ਰੂਪ ਨਾਲ ਲਿਖੋ ਕਿ ਤੁਸੀਂ ਏ ਪੀ ਸੀ ਸੇਵਕਾਈ ਦੇ ਕਿਸ ਖੇਤਰ ਲਈ ਦਾਨ ਭੇਜਣਾ ਚਾਹੁੰਦੇ ਹੋ। ਹੋਰ ਜਾਣਕਾਰੀ ਲਈ ਕਿਰਪਾ ਕਰਕੇ* **apcwo.org/give** *'ਤੇ ਆਓ।*

ਇਸੇ ਤਰ੍ਹਾਂ, ਸਾਡੇ ਲਈ ਅਤੇ ਸਾਡੀ ਸੇਵਕਾਈ ਲਈ ਜਦੋਂ ਵੀ ਹੋ ਸਕੇ ਪ੍ਰਾਰਥਨਾ ਕਰਨਾ ਨਾ ਭੁੱਲੋ। **ਧੰਨਵਾਦ, ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ!**

## DOWNLOAD THE FREE APP!

*Search for*

"All Peoples Church Bangalore"
in the App or Google play stores.

Available on the App Store

ANDROID APP ON Google play







***A daily 5-minute video devotional.***
***A daily Bible reading and prayer guide.***
***5-minute Sermon summary.***
***Toolkit with Scriptures on various topics to build faith and information to share the Gospel.***
***Resources with sermons, sermon notes, TV programs, books, music and more.***

***IF YOU LOVE IT, TELL OTHERS ABOUT IT!***

# ਆਲ ਪੀਪਲਜ਼ ਚਰਚ ਬਾਈਬਲ ਕਾਲਜ

apcbiblecollege.org

ਆਲ ਪੀਪਲਜ਼ ਚਰਚ ਬਾਈਬਲ ਕਾਲਜ ਅਤੇ ਸਿਖਲਾਈ ਕੇਂਦਰ ਬੈਂਗਲੋਰ, ਭਾਰਤ ਵਿੱਚ ਆਤਮਾ ਨਾਲ ਭਰਪੂਰ, ਮਸਹ ਭਰਪੂਰ, ਕਾਰਜਕਾਰੀ ਸੇਵਕਾਈ ਵਿੱਚ ਭਾਗੀਦਾਰੀ ਦੀ ਸਿਖਲਾਈ ਅਤੇ ਸਿਧਾਂਤਕ ਤੌਰ ‘ਤੇ ਸਹੀ ਅਤੇ ਪਰਮੇਸ਼ੁਰ ਦੇ ਵਚਨ ਦੇ ਬੌਧਿਕ ਸਿਧਾਂਤ ਦੇ ਨਜ਼ਰੀਏ ਤੋਂ ਪ੍ਰੇਰਣਾਦਾਇਕ ਅਧਿਐਨ ਨਾਲ ਪਵਿੱਤਰ ਆਤਮਾ ਦੀ ਅਲੌਕਿਕ ਸਮਰੱਥ ਵਿੱਚ ਸੇਵਕਾਈ ਕਰਨ ਲਈ ਤਿਆਰ ਕਰਦਾ ਹੈ। ਅਸੀਂ ਸੇਵਕਾਈ ਦੀ ਮੁਕੰਮਲ ਸ਼ਖਸੀਅਤ ਦੇ ਵਿਕਾਸ ਵਿੱਚ ਵਿਸ਼ਵਾਸ ਕਰਦੇ ਹਾਂ ਅਤੇ ਖਰਾ ਚਾਲ ਚੱਲਣ, ਪਰਮੇਸ਼ੁਰ ਦੇ ਵਚਨ ਵਿੱਚ ਡੂੰਘੀ ਨੀਂਹ ਅਤੇ ਚਿੰਨ੍ਹ ਚਮਤਕਾਰਾਂ ਅਤੇ ਅਦਭੁੱਤ ਕੰਮ ‘ਤੇ ਜ਼ੋਰ ਦਿੰਦੇ ਹਾਂ, ਇਹ ਸਭ ਪ੍ਰਭੂ ਦੇ ਨਾਲ ਨਜ਼ਦੀਕੀ ਰਿਸ਼ਤੇ ਤੋਂ ਹੀ ਪ੍ਰਵਾਹ ਹੁੰਦਾ ਹੈ।

ਆਲ ਪੀਪਲਜ਼ ਚਰਚ ਬਾਈਬਲ ਕਾਲਜ (APC-BC) ਵਿੱਚ ਖਰ੍ਹੀ ਸਿੱਖਿਆ ਤੋਂ ਇਲਾਵਾ ਅਸੀਂ ਪ੍ਰਤੱਖ ਤੌਰ ‘ਤੇ ਪਰਮੇਸ਼ੁਰ ਦੇ ਪ੍ਰੇਮ, ਪਵਿੱਤਰ ਆਤਮਾ ਦੇ ਮਸਹ ਅਤੇ ਹਜ਼ੂਰੀ ਅਤੇ ਪਰਮੇਸ਼ੁਰ ਦੇ ਅਲੌਕਿਕ ਕੰਮਾਂ ‘ਤੇ ਜ਼ੋਰ ਦਿੰਦੇ ਹਾਂ। ਬਹੁਤ ਸਾਰੇ ਜਵਾਨ ਪੁਰਖਾਂ ਅਤੇ ਇਸਤਰੀਆਂ ਨੂੰ ਸਿਖਲਾਈ ਦੇ ਕੇ ਆਪਣੇ ਜੀਵਨਾਂ ਵਿੱਚ ਪਰਮੇਸ਼ੁਰ ਦੀ ਬੁਲਾਹਟ ਨੂੰ ਪੂਰਾ ਕਰਨ ਲਈ ਭੇਜਿਆ ਗਿਆ ਹੈ।

ਅਸੀਂ ਤਿੰਨ ਤਰ੍ਹਾਂ ਦੀਆਂ ਡਿਗਰੀਆਂ ਦਿੰਦੇ ਹਾਂ:

- ਇੱਕ ਸਾਲ ਦਾ ਸਰਟੀਫ਼ਿਕੇਟ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (C.Th.)
- ਦੋ ਸਾਲ ਦਾ ਡਿਪਲੋਮਾ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (Dip.Th.)
- ਤਿੰਨ ਸਾਲ ਦਾ ਗ੍ਰੈਜੂਏਸ਼ਨ ਕੋਰਸ ਥਿਓਲੌਜੀ ਐਂਡ ਕ੍ਰਿਸ਼ਚਨ ਮਨਿਸਟਰੀ (B.Th.)

ਕਲਾਸਾਂ ਹਰ ਹਫ਼ਤੇ **ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਤੋਂ ਦੁਪਿਹਰ 12:00 ਵਜੇ ਤੱਕ (UTC+5:30)** ਲੱਗਦੀਆਂ ਹਨ। ਸਾਡੇ ਕੋਲ ਤਿੰਨ੍ਹ ਤਰ੍ਹਾਂ ਦੀਆਂ ਕਲਾਸਾਂ ਦੇ ਬਦਲ ਹਨ।

- **ਕੈਂਪਸ ਵਿੱਚ:** ਤੁਸੀਂ ਕੈਂਪਸ ਵਿੱਚ ਠਹਿਰ ਕੇ ਕਲਾਸਾਂ ਲੈ ਸਕਦੇ ਹੋ।
- **ਆਨਲਾਈਨ:** ਤੁਸੀਂ ਆਨਲਾਈਨ ਜਾ ਕੇ ਲਾਈਵ ਲੈਕਚਰ ਵੀ ਸੁਣ ਸਕਦੇ ਹੋ।
- **ਈ–ਲਰਨਿੰਗ:** ਤੁਸੀਂ **apcbiblecollege.org/elearn** ‘ਤੇ ਆਨਲਾਈਨ ਜਾ ਕੇ ਖ਼ੁਦ ਵੀ ਪੜ੍ਹ ਸਕਦੇ ਹੋ।

**ਆਨਲਾਈਨ ਅਪਲਾਈ** ਕਰਨ ਅਤੇ ਕਾਲਜ, ਪਾਠਕ੍ਰਮ, ਯੋਗਤਾ ਫੀਸ ਬਾਰੇ ਜਾਣਕਾਰੀ ਲੈਣ ਅਤੇ ਐਪਲੀਕੇਸ਼ਨ ਫਾਰਮ ਡਾਊਨਲੋਡ ਕਰਨ ਲਈ ਕਿਰਪਾ ਕਰਕੇ **apcbiblecollege.org** ਵੇਖੋ।

ਜੀਵਨ ਵਿੱਚ ਹਰ ਕਿਸਮ ਦੀਆਂ ਚੀਜ਼ਾਂ ਠੋਕਰ ਦਾ ਕਾਰਣ ਬਣ ਸਕਦੀਆਂ ਹਨ। ਇੱਕ ਵਾਰ ਠੋਕਰ ਲੱਗਣ ਤੋਂ ਬਾਅਦ, ਇਹ ਸਾਡੇ ਅੰਦਰ ਕੰਮ ਕਰਦੀ ਹੈ, ਆਖ਼ਿਰਕਾਰ ਸਾਡੀ ਕਲਪਨਾ ਤੋਂ ਵੱਧ ਤਰੀਕਿਆਂ ਨਾਲ ਸਾਨੂੰ ਪ੍ਰਭਾਵਿਤ ਕਰਦੀ ਹੈ। ਜਦੋਂ ਸਾਨੂੰ ਠੋਕਰਾਂ ਲੱਗਣ ਦਿਲ ਤੋਂ ਕੰਮ ਕਰਦੇ ਹਾਂ ਤਾਂ ਅਸੀਂ ਅਕਸਰ ਸਭ ਤੋਂ ਤਰਕਹੀਣ ਅਤੇ ਗੈਰ-ਵਿਹਾਰਕ ਤਰੀਕਿਆਂ ਨਾਲ ਸੋਚਦੇ, ਕਹਿੰਦੇ ਅਤੇ ਵਿਹਾਰ ਕਰਦੇ ਹਾਂ। ਜਦੋਂ ਕਲੀਸਿਆਈ ਜੀਵਨ ਵਿੱਚ ਇਸ ਤਰ੍ਹਾਂ ਹੁੰਦਾ ਹੈ, ਪਰਮੇਸ਼ੁਰ ਦੇ ਲੋਕਾਂ ਵਿੱਚ, ਤਾਂ ਅਸੀਂ ਕੁਝ ਸਭ ਤੋਂ ਦੁਖਦਾਈ ਚੀਜ਼ਾਂ ਨੂੰ ਹੁੰਦਿਆਂ ਵੇਖਦੇ ਹਾਂ!

ਬਾਈਬਲ ਠੋਕਰ ਬਾਰੇ ਕੀ ਕਹਿੰਦੀ ਹੈ? ਜਦੋਂ ਅਸੀਂ ਠੋਕਰ ਖਾਂਦੇ ਹਾਂ ਤਾਂ ਸਾਨੂੰ ਕਿਵੇਂ ਪ੍ਰਤੀਕਿਰਿਆ ਕਰਨੀ ਚਾਹੀਦੀ ਹੈ? ਤੁਸੀਂ ਉਨ੍ਹਾਂ ਨਕਾਰਾਤਮਕ ਭਾਵਨਾਵਾਂ ਤੋਂ ਕਿਵੇਂ ਛੁਟਕਾਰਾ ਪਾਉਂਦੇ ਹੋ, ਜੋ ਉਸ ਸਮੇਂ ਆਉਂਦੀਆਂ ਹਨ ਜਦੋਂ ਅਸੀਂ ਠੋਕਰ ਖਾਂਦੇ ਹਾਂ? ਪਰਮੇਸ਼ੁਰ ਦੇ ਵਚਨ ਤੋਂ ਇਹ ਸਧਾਰਨ ਪਰ ਗਿਆਨ ਭਰਪੂਰ ਅਧਿਐਨ ਇਨ੍ਹਾਂ ਸਵਾਲਾਂ ਦੇ ਜਵਾਬ ਪ੍ਰਦਾਨ ਕਰ ਸਕਦਾ ਹੈ ਅਤੇ ਤੁਹਾਨੂੰ ਪੂਰੀ ਤਰ੍ਹਾਂ ਠੋਕਰ ਤੋਂ ਮੁਕਤ ਰਹਿਣ ਵਿੱਚ ਮਦਦ ਕਰ ਸਕਦਾ ਹੈ।

ਹਮੇਸ਼ਾ ਠੋਕਰ ਦੀ ਰੇਖਾ ਤੋਂ ਉੱਪਰ ਜੀਵਨ ਜੀਓ!



**All Peoples Church & World Outreach**
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

Phone: +91-80-25452617
Email: contact@apcwo.org
Website: apcwo.org